ਆਰ. ਨੰ: ਡੀ ੮੬੫

੧ੴ
ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ

Phone 54141

ਰੋਜ਼ਾਨਾ

ਨਵਾਂ ਹਿੰਦੁਸਤਾਨ

DAILY NAWAN HINDUSTAN NEW DELHI-15.

ਮੁਖ ਸੰਪਾਦਕ: ਅਮਰ ਭਾਰਤੀ
ਸੰਪਾਦਕ: ਮੰਗਲ ਸਿੰਘ ਲਾਇਲਪੁਰੀ
ਸ. ਸ. ਮਨਧੀਰ
ਚੰਦਾ ਸਾਲਾਨਾ: ੨੫ ਰੁਪੈ, ਛਿਮਾਹੀ: ੧੩ ਰੁਪੈ
ਤਿਮਾਹੀ: ੭ ਰੁਪੈ, ਸੰਡੇ ਐਡੀਸ਼ਨ: ੬ ਰੁਪੈ
ਮੁੱਲ ਇਕ ਪਰਚਾ: ੮ ਨਵੇਂ ਪੈਸੇ

Vol 6] (੩੨ ਹਾੜ) [No. 92
ਸਨਿਚਰਵਾਰ੧੫ ਜੁਲਾਈ,੧੯੬੧ 15th July, 1961

ਦੇਸ਼ ਦੇ ਕਈ ਇਲਾਕਿਆਂ ਵਿਚ ਹੜ੍ਹ

ਪੂਨਾ ਵਿਚਲੇ ਹੜ੍ਹ ਦਾ ਭਿਆਨਕ ਦੌਰ ਖਤਮ

ਆਸਾਮ ਤੇ ਮਦਰਾਸ ਦੀਆਂ ਨਦੀਆਂ ਵਿਚ ਪਾਣੀ ਦਾ ਚੜ੍ਹਾਅ ਜਾਰੀ

ਨਵੀਂ ਦਿਲੀ, ੧੪ ਜੁਲਾਈ—ਇਥੇ ਪੁਜਣ ਵਾਲੇ ਸਮਾਚਾਰਾਂ ਤੋਂ ਪਤਾ ਲਗਦਾ ਹੈ ਕਿ ਦੇਸ਼ ਦੇ ਕਈ ਇਲਾਕਿਆਂ ਵਿਚ ਹੜ੍ਹਾਂ ਕਾਰਣ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਕੇਵਲ ਮੈਸੂਰ ਰਾਜ ਵਿਚ ਤਿੰਨ ਕਰੋੜ ਰੁਪਏ ਦੀ ਗੈਰ ਸਰਕਾਰੀ ਜਾਇਦਾਦ ਦਾ ਨੁਕਸਾਨ ਹੋਇਆ ਹੈ।

ਮਹਾਰਾਸ਼ਟਰ ਦੇ ਮੁਖ ਮੰਤਰੀ ਸ੍ਰੀ ਚਵਹਾਨ ਨੇ ਪੂਨਾ ਦਾ ਹਵਾਈ ਜਹਾਜ਼ ਰਾਹੀਂ ਦੌਰਾ ਕਰਨ ਤੋਂ ਬਾਦ ਦਸਿਆ ਹੈ ਕਿ ਪੂਨਾ ਵਿਚ ਆਏ ਹੜ ਦਾ ਭਿਆਨਕ ਦੌਰ ਖਤਮ ਹੋ ਗਿਆ ਹੈ! ਹੁਣ ਪਾਣੀ ਉਤਾਰ ਤੇ ਹੈ ਸ਼ਹਿਰ ਵਿਚਲੀ ਬਿਜਲੀ ਚਾਲੂ ਕਰ ਦਿਤੀ ਗਈ ਹੈ। ਹੜ ਪੀੜਤਾਂ ਦੇ ਰਹਿਣ ਲਈ ਥਾਂ ਤੇ ਖੁਰਾਕ ਦਾ ਪੂਰਾ ਪ੍ਰਬੰਧ ਕਰ ਦਿਤਾ ਗਿਆ ਹੈ। ਮਦਦ ਲਈ ਰੁਪਿਆ ਕਮਿਸ਼ਨਰ ਦੇ ਹਵਾਲੇ ਕਰ ਦਿਤਾ ਗਿਆ ਹੈ।

ਨੁਕਸਾਨ ਬਾਰੇ ਆਪ ਨੇ ਦਸਿਆ ਹੈ ਕਿ ਅਜੇ ਪੂਰਾ ਪੂਰਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਫਿਰ ਵੀ ਅਨੁਮਾਨ ਹੈ ਕਿ ਕਰੋੜਾਂ ਰੁਪਏ ਦਾ ਨੁਕਸਾਨ ਹੋ ਚੁਕਾ ਹੈ।

ਇਕ ਖਬਰ ਅਨੁਸਾਰ ਪੂਨਾ ਅਤੇ ਬੰਬਈ ਵਿਚਾਲੇ ਗੱਡੀਆਂ ਦੀ ਆਵਾ-ਜਾਈ ਚਾਲੂ ਕਰ ਦਿਤੀ ਗਈ ਹੈ। ਬੰਬਈ ਤੋਂ ਚਲਣ ਵਾਲੀਆਂ ਗਡੀਆਂ ਕਿਰਕੀ ਸਟੇਸ਼ਨ ਤਕ ਜਾਂਦੀਆਂ ਹਨ।

ਆਸਾਮ ਵਿਚ ਹੜ੍ਹ

ਆਸਾਮ ਦੀ ਬ੍ਰਹਮ ਪੁਤਰ ਨਦੀ ਵਿਚ ਪਾਣੀ ਖਤਰੇ ਦੇ ਨਿਸ਼ਾਨ ਤੋਂ ਇਕ ਫੁਟ ਉਪਰ ਚੜ੍ਹ ਗਿਆ ਹੈ। ਡਿਬਰੂਗੜ੍ਹ ਦੇ ਨਾਲ ਲਗਦੇ ਕਈ ਪਿੰਡਾਂ ਵਿਚ ਪਾਣੀ ਦਾਖਲ ਹੋ ਗਿਆ ਹੈ, ਸਹਾਇਤਾ ਕੰਮ ਸ਼ੁਰੂ ਕਰ ਦਿਤੇ ਗਏ ਹਨ।

ਉੜੀਸਾ ਵਿਚ ਜ਼ੋਰ ਘਟ

ਮਹਾ ਨਦੀ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਸਾਢੇ ਤਿੰਨ ਫੁਟ ਨੀਵਾਂ ਹੋ ਗਿਆ ਹੈ।

ਬਿਹਾਰ ਵਿਚ ਜ਼ੋਰ ਘਟ

ਗੰਗਾ ਨਦੀ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਤਿੰਨ ਫੁਟ ਘਟ ਗਿਆ ਹੈ।

ਕਾਵੇਰੀ ਦਾ ਪਾਣੀ ਜ਼ੋਰਾਂ ਤੇ

ਤੰਜੋਰ ਦੇ ਨਾਗਾ ਪਟਨਮ ਦੇ ਨੇੜੇ ਕਾਵੇਰੀ ਨਦੀ ਨੇ ਆਪਣੇ ਕਿਨਾਰੇ ਫਿਰ ਤੋੜ ਦਿਤੇ ਹਨ, ਜਿਸ ਨਾਲ ਦੋਬਾਰਾ ਹੜ ਦਾ ਖਤਰਾ ਪੈਦਾ ਹੋ ਗਿਆ ਹੈ। ਹੈ। ਨੀਵੇਂ ਇਲਾਕਿਆਂ ਦੇ ਨਿਵਾਸੀਆਂ ਨੂੰ ਸੁਰਖਿਅਤ ਥਾਵਾਂ ਤੇ ਪੁਚਾਣ ਦਾ ਪਰਬੰਧ ਕਰ ਦਿਤਾ ਗਿਆ ਹੈ।

ਅਮਰੀਕਾ ਪਾਕਿਸਤਾਨ ਨੂੰ ਪੂਰੀ ਪੂਰੀ ਸਹੈਤਾ ਦੇਵੇਗਾ

ਭਾਰਤੀ ਆਸ਼ਾਵਾਂ ਦੇ ਉਲਟ ਜ: ਅਯੂਬ ਨੂੰ ਅਮ੍ਰੀਕੀ ਸਹਾਇਤਾ ਦਾ ਵਾਇਦਾ

ਕਸ਼ਮੀਰ ਦੀ ਸਮਸਿਆ ਜਲਦੀ ਹਲ ਹੋ ਜਾਵੇਗੀ—ਕੈਨੇਡੀ ਨੇ ਅਯੂਬ ਨੂੰ ਭਰੋਸਾ ਦਵਾਇਆ

ਵਾਸ਼ਿੰਗਟਨ, ੧੪ ਜੁਲਾਈ—ਅਮਰੀਕੀ ਰਾਸ਼ਟਰਪਤੀ ਸ੍ਰੀ ਕੈਨੇਡੀ ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਅਯੂਬ ਖਾਂ ਦੇ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਦਖਣ ਏਸ਼ੀਆ ਵਿਚ ਕਮਿਊਨਿਜ਼ਮ ਆਪਣੇ ਪੈਰ ਫੈਲਾ ਰਿਹਾ ਹੈ ਜਿਸ ਦੀ ਰੋਕ ਲਈ ਜ਼ਰੂਰੀ ਕਦਮ ਚੁਕਣੇ ਹਨ। ਇਸ ਬਿਆਨ ਵਿਚ ਜਨਰਲ ਅਯੂਬ ਨੇ ਕਿਹਾ ਹੈ ਕਿ ਕਸ਼ਮੀਰ ਦਾ ਮਸਲਾ ਜਲਦੀ ਤੋਂ ਜਲਦੀ ਹਲ ਹੋਣਾ ਚਾਹੀਦਾ ਹੈ ਤੇ ਰਾਸ਼ਟਰਪਤੀ ਕੈਨੇਡੀ ਨੇ ਵਿਸ਼ਵਾਸ਼ ਪ੍ਰਗਟ ਕੀਤਾ ਹੈ ਕਿ ਕਸ਼ਮੀਰ ਦਾ ਮਸਲਾ ਜਲਦੀ ਹਲ ਹੋ ਜਾਇਗਾ।

ਰਾਸ਼ਟਰਪਤੀ ਕੈਨੇਡੀ ਨੇ ਜਨਰਲ ਅਯੂਬ ਨੂੰ ਵਿਸ਼ਵਾਸ ਦਵਾਇਆ ਹੈ ਕਿ ਅਮਰੀਕਾ ਪਾਕਿਸਤਾਨ ਦੀ ਉਨਤੀ ਲਈ ਉਸਨੂੰ ਪੂਰੀ-ਪੂਰੀ ਸਹਾਇਤਾ ਦੇਵੇਗਾ। ਸੈਨਕ ਸਹਾਇਤਾਂ ਸੰਬੰਧੀ ਦਸਿਆ ਜਾਂਦਾ ਹੈ ਕਿ ਪਾਕਿਸਤਾਨ ਨੂੰ ਵਿਸ਼ਵਾਸ ਦਵਾਇਆ ਗਿਆ ਹੈ ਕਿ ਭਾਰਤ ਨੇ ਸੈਨਕ ਸਹਾਇਤਾ ਦੀ ਕੋਈ ਮੰਗ ਨਹੀਂ ਕੀਤੀ ਤੇ ਨਾ ਹੀ ਭਾਰਤ ਨੂੰ ਸੈਨਕ ਸਹਾਇਤਾ ਦਿਤੀ ਗਈ ਹੈ। ਇਸ ਦੇ ... ਬਲੇ ਤੇ ਪਾਕਿਸਤਾਨ ਨੂੰ ਲੋੜੀਂਦੀ ਸੈਨਕ ਸਹਾਇਤਾ ਦਿਤੀ ਜਾਇਗੀ। ਕਿਉਂਕਿ ਅਮਰੀਕਾ ਆਪਣੇ ਮਿਤ੍ਰ ਦੇਸ਼ਾਂ ਦੀ ਰਖਿਆ ਲਈ ਹ... ਜ... ਰਨ ਨੂੰ ਤਿਆਰ ਹੈ।

ਲਾਓਸ ਨੂੰ ਨਿਰਪੱਖ ਬਣਾਓ

ਕ੍ਰਿਸ਼ਨਾ ਮੈਨਨ ਦਾ ਜਨੇਵਾ ਕਾਨਫ੍ਰੰਸ ਵਿਚ ਪ੍ਰਸਤਾਵ

ਜਨੇਵਾ, ੧੪ ਜੁਲਾਈ-ਜਨੇਵਾ ਸੰਮੇਲਨ ਵਿਚ ਭਾਰਤੀ ਪ੍ਰਤੀਨਿਧ ਮੰਡਲ ਦੇ ਨੇਤਾ ਸ੍ਰੀ ਕ੍ਰਿਸ਼ਨਾ ਮੈਨਨ ਨੇ ਇਕ ਪ੍ਰਸਤਾਵ ਦਾ ਮਸੌਦਾ ਰਖਿਆ ਹੈ ਜਿਸ ਵਿਚ ਲਾਓਸ ਨੂੰ ਨਿਰਪੱਖ ਅਤੇ ਖੁਦ ਮੁਖਤਿਆਰ ਬਣਾਉਣ ਦੀ ਮੰਗ ਕੀਤੀ ਗਈ ਹੈ ਤੇ ਕਿਹਾ ਗਿਆ ਹੈ ਕਿ ਕਿਸੇ ਸਰਕਾਰ ਦੀ ਨਿਰਪਖਤਾ ਉਸੇ ਸੂਰਤ ਵਿਚ ਕਾਇਮ ਰਹਿ ਸਕਦੀ ਹੈ ਜਦ ਕਿ ਉਸ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦਿਤਾ ਜਾਏ ਅਤੇ ਕਿਸੇ ਵੀ ਧਿਰ ਨੂੰ ਹਥਿਆਰ ਦੀ ਸਪਲਾਈ ਨਾ ਕੀਤੀ ਜਾਏ।

ਪਾਕਿਸਤਾਨ ਕਸ਼ਮੀਰ ਨੂੰ ਹਥੋਂ ਨਹੀਂ ਜਾਣ ਦੇਵੇਗਾ

ਜਨਰਲ ਅਯੂਬ ਦਾ ਦਾਅਵਾ

ਵਾਸ਼ਿੰਗਟਨ, ੧੪ ਜੁਲਾਈ-ਜਨਰਲ ਅਯੂਬ ਨੇ ਇਥੇ ਕਿਹਾ ਕਿ ਪਾਕਿਸਤਾਨ ਕਸ਼ਮੀਰ ਨੂੰ ਕਿਸੇ ਵੀ ਹਾਲਤ ਵਿੱਚ ਆਪਣੇ ਹਥੋਂ ਨਹੀਂ ਜਾਣ ਦੇਵੇਗਾ।

—ਸ੍ਰੀ ਨਗਰ-ਕਸ਼ਮੀਰ ਦੇ ਪ੍ਰਧਾਨ ਮੰਤਰੀ ਬਖਸ਼ੀ ਗ਼ੁਲਾਮ ਮੁਹੰਮਦ ਨੇ ਇਸ ਕਸ਼ਮੀਰ ਦੇ ਸ਼ਹੀਦਾਂ ਦੇ ਯਾਦਗਾਰ ਤੇ ਫੁਲ ਚੜ੍ਹਾਏ ਤੇ ਕਸ਼ਮੀਰੀਆਂ ਨੂੰ ਕਸ਼ਮੀਰ ਦੀ ਉਨਤੀ ਲਈ ਜਦੋ ਜਹਿਦ ਕਰਨ ਦੀ ਅਪੀਲ ਕੀਤੀ।

ਮਹਾਰਾਸ਼ਟਰ ਨਦੀਆਂ ਦੇ ਟੁਟੇ ਬੰਧਾਂ ਦੀ ਮੁਰੰਮਤ ਸ਼ੁਰੂ ਕਰ ਦਿਤੀ ਗਈ ਹੈ

ਬੰਬਈ, ੧੪ ਜੁਲਾਈ-ਮਹਾਰਾਸ਼ਟਰ ਦੇ ਮੁਖ ਮੰਤਰੀ ਸ੍ਰੀ ਚਵਹਾਨ ਨੇ ਦਸਿਆ ਹੈ ਕਿ ਜਿਨ੍ਹਾਂ ਬੰਧਾਂ ਵਿਚ ਦਰਾਰਾਂ ਪਈ ਹੈ, ਉਹਨਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿਤਾ ਗਿਆ ਹੈ ਤੇ ਦੂਜੇ ਬੰਧਾਂ ਦੀ ਨਿਗਰਾਨੀ ਦਿਨ ਰਾਤ ਜਾਰੀ ਕਰ ਦਿਤੀ ਗਈ ਹੈ।

ਅਰਬਲੀਗ 'ਚ ਕੁਵੈਤ ਦੀ ਮੈਂਬਰੀ ਦਾ ਫੈਸਲਾ ਨਹੀਂ

ਕਾਹਿਰਾ, ੧੪ ਜੁਲਾਈ-ਅਰਬ ਲੀਗ ਕੁਵੈਤ ਦੀ ਮੈਂਬਰਸ਼ਿਪ ਬਾਰੇ ਕੋਈ ਫੈਸਲਾ ਨਾ ਕਰ ਸਕੀ ਤੇ ਉਸ ਦਾ ਇਜਲਾਸ ਮੁਲਤਵੀ ਹੋ ਗਿਆ।

ਕੁਵੈਤ ਨੇ ਅਰਬ ਲੀਗ ਤੋਂ ਇਹ ਵੀ ਮੰਗ ਕੀਤੀ ਸੀ ਕਿ ਉਸ ਨੂੰ ਇਕ ਅਰਬ ਸੈਨਾ ਦੀ ਟੁਕੜੀ ਰਖਿਆ ਲਈ ਦਿਤੀ ਜਾਏ।

ਹਾਫ਼ਜ਼ ਮੁਹੰਮਦ ਇਬ੍ਰਾਹੀਮ ਕੇਰਲ ਨੂੰ

ਨਵੀਂ ਦਿੱਲੀ, ੧੪ ਜੁਲਾਈ—ਕੇਂਦਰੀਮੰਤ੍ਰੀ ਹਾਫਜ਼ ਮੁਹੰਮਦ ਇਬ੍ਰਾਹੀਮ ਹੜ-ਪੀੜਤ ਇਲਾਕਿਆਂ ਦਾ ਦੌਰਾ ਕਰਨ ਲਈ ਕੇਰਲਰਵਾਨਾਹੋ ਗਏ ਹਨ।

ਪੂਨਾ ਦੇ ਹੜ੍ਹ ਪੀੜਤਾਂ ਲਈ ੨੦ ਲਖ ਰੁਪਿਅ

ਬੰਬਈ, ੧੪ ਜੁਲਾਈ-ਮਹਾਰਾਸ਼ਟਰ ਸਰਕਾਰ ਨੇ ਪੂਨਾ ਦੇ ਹੜ੍ਹ ਪੀੜਤਾਂ ਦੀ ਛੇਤੀ ਸਹਾਇਤਾ ਲਈ ਵੀਹ ਲਖ ਰੁਪਿਆ ਦਿਤਾ ਹੈ। ਜਿਸ ਨਾਲ ਹੜਪੀੜਤਾਂ ਨੂੰ ਨਿਵਾਸ ਅਤੇ ਖੁਰਾਕ ਦੀ ਸਹਾਇਤਾ ਦਿਤੀ ਜਾ ਸਕੇ।

ਇਕ ਖਬਰ ਵਿਚ ਦਸਿਆ ਗਿਆ ਹੈ ਕਿ ਪਾਣੀ ਨਾਲ ਘਿਰੇ ਇਲਾ-ਕਿਆਂ ਵਿਚ ਜਹਾਜ਼ਾਂ ਰਾਹੀਂ ਅਨਾਜ ਸੁਟਿਆ ਜਾ ਰਿਹਾ ਹੈ।

ਸੁਧਾਰ ਦਾ ਨਮੂਨਾ

ਨਵੀਂ ਦਿੱਲੀ, ੧੪ ਜੁਲਾਈ—ਦਿੱਲੀ ਦੀਆਂ ਗੰਦੀਆਂ ਬਸਤੀਆਂ ਦਾ ਵਰਨਣ ਕਰਦਿਆਂ ਸ੍ਰੀ ਨਹਿਰੂ ਨੇ ਕਿਹਾ ਦਸਦੇ ਹਨ ਕਿ 'ਤਿੰਨ ਸਾਲ ਬਾਅਦ ਜਦ ਮੈਂ ਇਕ ਗੰਦੀ ਬਸਤੀ ਨੂੰ ਦੁਬਾਰਾ ਵੇਖਣ ਗਿਆ ਤਾਂ ਲੋਕਾਂ ਨੇ ਦਸਿਆ ਕਿ ਕੇਵਲ ਇਕ ਨਲਕਾ ਇਥੇ ਲਗ ਗਿਆ ਹੈ ਜੋ ਪਹਿਲਾਂ ਨਹੀਂ ਸੀ। ਇਹ ਹਾਲਤਤਾਂ ਹੈਜਦਕਿਮੈਂ ਗੰਦੀਆਂ○ਬਸਤੀਆਂ ਦੇ ਸੁਧਾਰ ਦੇ ਬਾਰੇ ਵਿਚ ਬਰਾਬਰ ਕਹਿੰਦਾ ਜਾ ਰਿਹਾ ਹਾਂ।'

ਮੈਂ ਸਿਖਾਂ ਨੂੰ ਦੇਸ਼ ਦੀ ਰੀੜ ਦੀ ਹੱਡੀ ਸਮਝਦਾ ਹਾਂ

ਮੈਂ ਉਹਨਾਂ ਨੂੰ ਕਿਵੇਂ ਦੁਸ਼ਮਣ ਕਹਿ ਸਕਦਾ ਹਾਂ—ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ

ਅੰਮ੍ਰਿਤਸਰ, ੧੪ ਜੁਲਾਈ-ਸ੍ਰ: ਸਰੂਪ ਸਿੰਘ ਐਮ. ਐਲ. ਏ. ਨੇ ਪੰਡਤ ਨਹਿਰੂ ਨਾਲ ਮੁਲਾਕਾਤ ਕਰਨ ਤੋਂ ਬਾਅਦ ਇਥੇ ਆ ਕੇ ਦਸਿਆ ਹੈ ਕਿ ਪੰਡਤ ਜੀ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਮੈਂ ਸਿਖਾਂ ਨੂੰ ਦੇਸ਼ ਦੀ ਰੀੜ ਦੀ ਹੱਡੀ ਸਮਝਦਾ ਹਾਂ। ਇਸ ਲਈ ਮੈਂ ਕਿਵੇਂ ਉਨ੍ਹਾਂ ਨੂੰ ਦੁਸ਼ਮਣ ਕਹਿ ਸਕਦਾ ਹਾਂ। ਸ੍ਰ: ਸਰੂਪ ਸਿੰਘ ਨੇ ਦਸਿਆ ਕਿ ਪੰਡਿਤ ਜੀ ਨੇ*ਕਿਹਾ ਹੈ ਕਿ ਮੈਂ ਸਮਝੌਤਾ ਗਲਬਾਤ ਕਰਨ ਵਾਲੇ ਅਕਾਲੀਆਂ ਦੀ ਪੰਜਾਬੀ ਸਮਝ ਰਿਹਾ ਸੀ, ਮੈਨੂੰ ਆਸ਼ਾ ਹੈ ਕਿ ਉਹ ਮੇਰੀ ਹਿੰਦੀ ਵੀ ਇਸੇ ਤਰ੍ਹਾਂ ਸਮਝ ਰਹੇ ਸਨ।

ਟੋਏ ਚੋਂ ਨਿਕਲ ਕੇ ਖੂਹ ਵਿਚ ਡਿਗੋ-ਯੱਗ ਦਤ ਦੀ ਮਾਸਟਰ ਜੀ ਨੂੰ ਸਲਾਹ

ਕਪੂਰਥਲਾ—ਪੰਜਾਬ ਜਨ ਸੰਘ ਦੇ ਜਨਰਲ ਸੈਕਰੇਟਰੀ ਸ੍ਰੀ ਯੱਗਦਤ ਸ਼ਰਮਾ ਨੇ ਮਾਸਟਰ ਤਾਰਾ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਆਪਣਾ ਮਰਨਵਰਤ ਸ਼ੁਰੂ ਨਾ ਕਰਨ। ਤੇ ਕਿਹਾ 'ਆਓ ਅਸੀਂ ਮਿਲ ਕੇ ਚੋਣਾਂ ਵਿਚ ਕੈਰੋਂ ਦੀ ਕਾਂਗਰਸ ਨੂੰ ਹਰਾ ਦੇਈਏ।'

ਦਿੱਲੀ 'ਚ ਸਨਅਤੀ ਮੇਲਾ ੧੪ ਨਵੰਬਰ ਤੋਂ

ਨਵੀਂ ਦਿੱਲੀ, ੧੪ ਜੁਲਾਈ—ਰਾਜਧਾਨੀ ਵਿਚ ੧੪ ਨਵੰਬਰ ਤੋਂ ਸ਼ੁਰੂ ਹੋਣ ਵਾਲੇ ਸਨਅਤੀ ਮੇਲੇ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਪ੍ਰਬੰਧ ਵਿਚ ੧੪ ਦੇਸ਼ਾਂ ਤੋਂ ਛੁਟ ਸਾਰੀਆਂ ਪ੍ਰਦੇਸ਼ ਸਰਕਾਰਾਂ ਵੀ ਭਾਗ ਲੈ ਰਹੀਆਂ ਹਨ। ਇਕ ਤਰਜਮਾਨ ਨੇ ਦਸਿਆ ਹੈ ਕਿ ਮੇਲੇ ਲਈ ੧੫੫ ਏਕੜ ਜ਼ਮੀਨ ਵਖੋ ਵਖ ਸਟਾਲਾਂ ਲਈ ਰਖੀ ਗਈ ਹੈ। ਇਸ ਮੇਲੇ ਲਈ ... ਲ ਦਸ ਹਜ਼ਾਰ ਲੋਕਾਂ ਨਾਲ ਦਸ ਹਜ਼ਾਰ ਲੋਕਾਂ ਨੂੰ ਵਕਤੀ ਤੌਰ ਤੇ ਰੁਜ਼ਗਾਰ ਮਿਲ ਜਾਵੇਗਾ। ਇਸ ਉਪਰੰਤ ਇਸ ਮੇਲੇ ਵਿਚ ਵਖ ਵਖ ਦੇਸ਼ਾਂ ਤੇ ਰਾਜ ਸਰਕਾਰਾਂ ਵਲੋਂ ਕਲਚਰਲ ਪਰੋਗਰਾਮ ਪੇਸ਼ ਕੀਤੇ ਜਾਣਗੇ।

੧੫ ਫੀ ਸਦੀ ਟਿਕਟਾਂ ਇਸਤ੍ਰੀਆਂ ਨੂੰ

ਨਵੀਂ ਦਿੱਲੀ, ੧੪ ਜੁਲਾਈ—ਕਾਂਗਰਸ ਪ੍ਰਧਾਨ ਸ੍ਰੀ ਸੰਜੀਵ ਰੇਡੀ ਨੇ ਇਥੇ ਕਿਹਾ ਕਿ ਕਾਂਗਰਸ ਦਾ ਇਹ ਜਤਨ ਹੋਵੇਗਾ ਕਿ ਅਗਲੀਆਂ ਆਮ ਚੋਣਾਂ ਵਿਚ ੧੫ ਫੀ ਸਦੀ ਟਿਕਟ ਇਸਤ੍ਰੀਆਂ ਨੂੰ ਦਿਤੇ ਜਾਣ।

ਪ੍ਰੈਸ ਕਾਨਫਰੰਸ ਵਿਚ ਤਕਰੀਰ ਕਰਦਿਆਂ ਆਪ ਨੇ ਕਿਹਾ ਕਿ ਘਟ ਗਿਣਤੀਆਂ ਨੂੰ ਵੀ ਕਾਫੀ ਪ੍ਰਤੀਨਿਧਤਾ ਦਿੱਤੀ ਜਾਏਗੀ।

ਨਵਾਂ ਹਿੰਦੁਸਤਾਨ
ਸਨਿਚਰਵਾਰ ੧੫ ਜੁਲਾਈ, ੧੯੬੧

੪੩ ਕਰੋੜ ਲੋਕਾਂ ਦਾ ਤਰਲਾ

ਆਪਣੀ ਤਾਕਤ ਉੱਤੇ ਨਿਰਭਰ ਨਾ ਕਰ ਕੇ ਦੂਸਰਿਆਂ ਉੱਤੇ ਨਿਰਭਰ ਰਹਿਣ ਦੀ ਆਦਤ ਨੇ ਅੱਜ ਹਿੰਦੁਸਤਾਨ ਨੂੰ ਜਿਸ ਹਾਲਤ ਵਿਚ ਪੁਚਾ ਦਿੱਤਾ ਹੈ, ਉਸ ਦਾ ਖ਼ਾਓਲਾ 'ਯੂਰਪ ਦੇ ਸਾਂਝੇ ਬਾਜ਼ਾਰ' ਵਿਚ ਬਰਤਾਨੀਆਂ ਦੇ ਸ਼ਾਮਲ ਹੋ ਜਾਣ ਦੀ ਸੰਭਾਵਨਾ ਤੋਂ ਸਾਡੇ ਦੇਸ਼ ਵਿਚ ਉਪਜੀ ਬੇਚੈਨੀ ਤੋਂ ਸੌਖਿਆਂ ਹੀ ਲੱਗ ਸਕਦਾ ਹੈ। ਸਾਡੇ ਦੇਸ਼ ਦਾ ਹਰ ਸਰਕਾਰੀ ਲੀਡਰ ਤੇ ਹਰ ਵਡਾ ਵਪਾਰੀ ਗਲੇ ਦੇ ਸਾਰੇ ਜ਼ੋਰ ਨਾਲ ਆਖ ਰਿਹਾ ਹੈ ਕਿ ਬਰਤਾਨੀਆਂ ਦੇ ਯੂਰਪੀ ਸਾਂਝੇ ਬਾਜ਼ਾਰ ਵਿਚ ਸ਼ਾਮਲ ਹੋਣ ਨਾਲ ਹਿੰਦੁਸਤਾਨ ਦੀ ਪੰਜ ਸਾਲਾ ਯੋਜਨਾ ਵੀ ਚੌਪਟ ਹੋ ਜਾਏਗੀ ਅਤੇ ਸਾਡਾ ਸਾਰਾ ਬਦੇਸ਼ੀ ਵਪਾਰ ਵੀ।

ਯੂਰਪ ਦੇ ਸਾਂਝੇ ਬਾਜ਼ਾਰ ਵਿਚ ਅੱਗੇ ਛੇ ਦੇਸ਼—ਬੈਲਜੀਅਮ, ਹਾਲੈਂਡ, ਲਕਸਮਬਰਗ, ਫ਼ਰਾਂਸ, ਪੱਛਮੀ ਜਰਮਨੀ ਤੇ ਇਟਲੀ—ਭਿਆਲ ਹਨ। ੧੯੬੯ ਤੋਂ ਉਨ੍ਹਾਂ ਨੇ ਇਨ੍ਹਾਂ ਛਿਆਂ ਦੇਸ਼ਾਂ ਵਿਚ ਆਉਣ ਜਾਣ ਵਾਲੇ ਮਾਲ ਉੱਤੇ ਦਸ ਫ਼ੀ ਸਦੀ ਮਸੂਲ ਦੀ ਛੋਟ ਦਾ ਫ਼ੈਸਲਾ ਕੀਤਾ ਸੀ।

ਏਧਰ ਬਰਤਾਨਵੀ ਕਾਮਨ ਵੈਲਥ ਦੇ ਮੁਲਕਾਂ ਦਾ ਵੀ ਆਪਸ ਵਿਚ ਇਕ ਖ਼ਾਸ [illegible]ਇਤੀ ਸਮਝੌਤਾ ਹੈ। ਬਰਤਾਨੀਆਂ ਸਾਡੇ ਦੇਸ਼ ਦੇ ਕੱਚੇ ਮਾਲ ਦਾ ਸਭ ਤੋਂ ਵੱਡਾ ਗਾਹਕ ਹੈ। ਉਹ ਕਾਮਨਵੈਲਥ ਤੋਂ ਬਾਹਰਲੇ ਦੇਸ਼ਾਂ ਤੋਂ ਕਪੜ[illegible] ਚਾਹ, [illegible]ਕੂ ਮੈਗਨੀਜ਼ ਆਦਿ [illegible] ਕਾਫ਼ੀ ਮਸੂਲ ਲੈਂਦਾ ਹੈ, ਪਰ ਭਾਰਤ ਦੀਆਂ [illegible]ਹ ਸਾਰੀਆਂ ਚੀਜ਼ਾਂ ਬਿਨਾਂ ਮਸੂਲੋਂ ਹੀ ਬਰਤਾਨੀਆ ਵਿਚ ਵਿਕਦੀਆਂ ਹਨ। ਇਸ ਤਰ੍ਹਾਂ ਪਰਗਟ ਰੂਪ ਵਿਚ ਭਾਰਤ ਇੰਜ ਸਮਝਦਾ ਹੈ ਕਿ ਇਸ ਵਿਸ਼ੇਸ਼ ਰਿਆਇਤ ਤੋਂ ਸਾਨੂੰ ਬੜਾ ਫ਼ਾਇਦਾ ਹੈ ਅਤੇ ਬਰਤਾਨੀਆਂ ਦੇ ਯੂਰਪੀ ਸਾਂਝੇ ਬਾਜ਼ਾਰ ਵਿਚ ਸ਼ਾਮਲ ਹੋ ਜਾਣ ਨਾਲ ਇਕ ਤਾਂ ਸਾਨੂੰ ਮਿਲੀ ਹੋਈ ਮਸੂਲ ਦੀ ਇਹ ਰਿਆਇਤ ਮਾਰੀ ਜਾਏਗੀ, ਉਸ ਹਾਲਤ ਵਿਚ ਬਰਤਾਨੀਆਂ ਨੂੰ ਆਪਣੇ ਯੂਰਪੀ ਭਿਆਲਾਂ ਦੀ ਮੰਡੀ ਦੇ ਨਿਯਮਾਂ ਦੀ ਪਾਲਣਾ ਕਰਨੀ ਪਏਗੀ ਅਤੇ ਦੂਸਰੀ ਗੱਲ ਇਹ ਵੀ ਸੰਭਵ ਹੈ ਕਿ ਬਰਤਾਨੀਆਂ ਅੱਜ ਜਿਹੜੀਆਂ ਚੀਜ਼ਾਂ ਸਾਥੋਂ ਖ਼ਰੀਦਦਾ ਹੈ ਉਹ ਚੀਜ਼ਾਂ ਆਪਣੇ ਭਿਆਲ ਦੇਸਾਂ ਤੋਂ ਖ਼ਰੀਦਨ ਲੱਗ ਪਏ। ਤੀਸਰੀ ਡਰ ਵਾਲੀ ਗੱਲ ਇਹ ਹੈ, ਫ਼ਰਜ਼ ਕਰੋ ਕਿ ਯੂਰਪੀ ਸਾਂਝਾ ਬਾਜ਼ਾਰ ਹੀ ਸਾਡੇ ਕੋਲੋਂ ਕਪੜ, ਚਮੜਾ, ਚਾਹ, ਮੈਗਨੀਜ਼, ਪਟਸਨ ਤੇ ਨਾਰੀਅਲ ਤੋਂ ਬਣੀਆਂ ਚੀਜ਼ਾਂ ਮਸਾਲਾ ਆਦਿ ਖ਼ਰੀਦਣ ਲਈ ਤਿਆਰ ਹੋ ਜਾਂਦਾ ਹੈ ਤਾਂ ਵੀ ਸਾਡੀਆਂ ਚੀਜ਼ਾਂ ਨੂੰ ਉਹ ਮਨ ਮਰਜ਼ੀ ਦੇ ਭਾ ਖ਼ਰੀਦੇਗਾ। ਮਸੂਲ ਵੀ ਸਾਨੂੰ ਚੋਖਾ ਦੇਣਾ ਪਏਗਾ।

ਭਾਰਤ ਨੂੰ ਬਰਤਾਨੀਆਂ ਵਿਚ ਆਪਣਾ ਕੱਚਾ ਮਾਲ ਵੇਚਣ ਲਈ ਮਸੂਲ ਦੀ ਜਿਹੜੀ ਛੋਟ ਮਿਲੀ ਹੋਈ ਹੈ ਉਸ ਤੇ ਖ਼ੁਸ਼ ਹੋਣ ਦਾ ਕੋਈ ਕਾਰਨ ਨਹੀਂ, ਕਿਉਂਕਿ ਉਸ ਦੇ ਬਦਲੇ ਵਿਚ ਬਰਤਾਨੀਆਂ ਨੂੰ ਵੀ ਭਾਰਤ ਵਿਚ ਖ਼ਾਸ ਸਹੂਲਤਾਂ ਮਿਲੀਆਂ ਹੋਈਆਂ ਸਨ। ਬਰਤਾਨੀਆਂ ਕੋਲੋਂ ਅਸੀਂ ਉਸ ਦੀਆਂ ਬਣੀਆਂ ਮਸ਼ੀਨਾਂ ਤੇ ਮਸ਼ੀਨੀ ਸਾਮਾਨ ਉਸ ਦੇ ਮਨ ਮਰਜ਼ੀ ਦੇ ਭਾਅ ਖ਼ਰੀਦਣ ਲਈ ਮਜਬੂਰ ਹਾਂ। ਇਹ ਚੀਜ਼ਾਂ ਦੂਸਰੇ ਦੇਸਾਂ ਤੋਂ ਵੀ ਖਰੀਦੀਆਂ ਜਾ ਸਕਦੀਆਂ ਹਨ ਤੇ ਸਸਤੀਆਂ ਮਿਲ ਸ.ਦੀਆਂ ਹਨ। ਸਾਡੇ ਦੇਸ ਦੇ ਲੀਡਰਾਂ ਤੇ ਵਪਾਰੀਆਂ ਦੀ ਘਬਰਾਹਟ ਦਾ ਵੱਡਾ ਕਾਰਣ ਇਹ ਹੈ ਕਿ ਪਿਛਲੇ ਤੀਹ ਸਾਲ ਤੋਂ ਉਹ ਇਕ ਖ਼ਾਸ ਲੀਹ ਤੇ ਤੁਰੇ ਆਏ ਹਨ। ਅੱਜ ਬਰਤਾਨੀਆਂ ਆਪਣੀ ਸਹੂਲਤ ਲਈ ਜਦੋਂ ਯੂਰਪੀ ਬਾਜ਼ਾਰ ਦਾ ਮੈਂਬਰ ਬਣਨ ਲੱਗਾ ਹੈ ਤਾਂ ਸਾਡੀ ਗੱਡੀ ਵੀ ਸਾਨੂੰ ਲੀਹੋਂ ਉਤਰਦੀ ਮਹਿਸੂਸ ਹੋ ਰਹੀ ਹੈ।

ਪੰਡਿਤ ਨਹਿਰੂ ਆਮ ਤੌਰਤੇ ਆਪਣੇ ਦੇਸ਼ ਦੇ ਬਹੁਤੇ ਲੋਕਾਂ ਨੂੰ, ਵਪਾਰੀਆਂ ਨੂੰ, ਪਾਰਟੀਆਂ ਨੂੰ, ਪੱਛੜੇ ਤੇ ਪਿੱਛੇ ਖਿੱਚੂ ਆਖਦੇ ਰਹਿੰਦੇ ਹਨ, ਪਰ ਬਰਤਾਨੀਆਂ ਦੇ ਯੂਰਪੀ ਬਾਜ਼ਾਰ ਵਿਚ ਸ਼ਾਮਲ ਹੋਣ ਨਾਲ ਜਿਸ ਤਰ੍ਹਾਂ ਦਾ ਡਰ ਪੰਡਿਤ ਜੀ ਤੇ ਉਨ੍ਹਾਂ ਦੇ ਸਾਥੀ ਦਰਸਾ ਰਹੇ ਹਨ, ਉਸ ਤੋਂ ਸ਼ੱਕ ਹੁੰਦਾ ਹੈ ਕਿ ਪਛੜੇਵੇਂ ਵਾਲੀ ਸੋਚ ਦਾ ਸਭ ਤੋਂ ਬਹੁਤਾ ਅਸਰ ਪੰਡਿਤ ਜੀ ਉੱਤੇ ਹੀ ਹੈ। ੪੩ ਕਰੋੜ ੬੦ ਲੱਖ ਆਬਾਦੀ ਵਾਲੇ, ਭਰਪੂਰ ਕੁਦਰਤੀ [illegible] ਦੇ ਮਾਲਿਕ ਦੇਸ ਦੇ ਲੀਡਰ[illegible] ਇੰਜ ਰੌਲਾ ਪਾਉਂਦਿਆਂ ਤੇ ਤਰਲੇ [illegible]ਆਂ ਦੇਖ ਕੇ ਕੌਣ ਮੰਨੇਗਾ ਕਿ ਸਾਡੇ ਲੀਡਰ ਅੱਗੇ ਵਧੂ ਤੇ ਆਤਮ ਵਿਸ਼ਵਾਸੀ ਹਨ? ਜਿਸ ਦੇਸ਼ ਕੋਲ ੪੩ ਕਰੋੜ ੬੦ ਲੱਖ ਆਪਣੇ ਆਦਮੀ ਚੀਜ਼ਾਂ ਪੈਦਾ ਕਰਨ ਤੇ ਖ਼ਰੀਦਣ ਵਾਲੇ ਹੋਣ, ਹਰ ਚੀਜ਼ ਉਸ ਦੀ ਧਰਤੀ ਦੀ ਕੁੱਖ ਹੋਵੇ, ਉਹ ਦੇਸ ਜੇ ਦੂਸਰਿਆਂ ਦਾ ਮੂੰਹ ਇਸ ਗੱਲ ਲਈ ਵੇਖੇ ਕਿ ਉਸ ਨੂੰ ਕੁਝ ਬਦੇਸ਼ੀ ਸਿੱਕਾ ਮਿਲ ਜਾਇਗਾ ਜਾਂ ਉਸ ਦਾ ਕੱਚਾ ਮਾਲ ਦੇਸੋਂ ਬਾਹਰ ਵਿਕ ਜਾਏਗਾ ਤਾਂ ਇਸ ਦੇਸ਼ ਲਈ ਇਹ ਕੋਈ ਸ਼ੁਭ ਲੱਛਣ ਨਹੀਂ। ਬਦੇਸ਼ੀ ਸਿੱਕਾ ਸਾਨੂੰ ਇਸ ਲਈ ਚਾਹੀਦਾ ਹੈ ਕਿ ਅਸੀਂ ਬਦੇਸ਼ਾਂ ਤੋਂ ਮਸ਼ੀਨਾਂ ਖ਼ਰੀਦ ਸੱਕੀਏ; ਕਣਕ ਖ਼ਰੀਦ ਸਕੀਏ। ਉਸ ਸਿੱਕੇ ਦੀ ਪ੍ਰਾਪਤੀ ਲਈ ਅਸੀਂ ਆਪਣੇ ਦੇਸ਼ ਵਿਚ ਕਪੜਾ ਮਹਿੰਗਾ ਕਰ ਕੇ ਖੰਡ ਮਹਿੰਗੀ ਕਰ ਕੇ, ਚਾਹ ਮਹਿੰਗੀ ਕਰ ਕੇ, ਨਾਰੀਅਲ ਤੇ ਪਟਸਨ ਦੀਆਂ ਚੀਜ਼ਾਂ ਮਹਿੰਗੀਆਂ ਕਰ ਕੇ, ਮਸਾਲੇ ਮਹਿੰਗੇ ਕਰਕੇ, ਅਲਸੀ ਤੇ ਖਲੀ ਮਹਿੰਗੀ ਕਰਕੇ ਬਾਹਰਲੇ ਦੇਸ਼ਾਂਨੂੰਵੇਚਦੇ ਹਾਂ ਇਨ੍ਹਾਂ ਚੀਜ਼ਾਂ ਦੀ ਮਹਿੰਗਾਈ ਸਦਕਾ ਸਾਡੇ ਅਪਣੇ ਦੇਸਦੇ ਲੋਕਾਂ ਦਾ ਕਚੂਮਰ ਨਿਕਲ ਰਿਹਾਹੈ ਪਰ ਸਾਨੂੰ ਇਹਚੀਜ਼ਾਂ ਸਸਤੀਆਂ ਦੇਣ ਦੀ ਥਾਂ ਹੋਰ ਮਹਿੰਗੀਆਂ ਕਰ ਦਿਤੀਆਂ ਜਾਂਦੀਆਂ ਹਨ। ਬੇਸ਼ੱਕ ਸਾਨੂੰ ਮਸ਼ੀਨਾਂ ਦੀ ਲੋੜ ਹੈ ਪਰ ਇਸ ਸ਼ਰਤ ਉੱਤੇ ਆਈਆਂ ਮਸ਼ੀਨਾਂ ਵੀ ਸਾਡੇ ਦੇਸ਼ ਦੀ ਗ਼ਰੀਬੀ ਨੂੰ ਹਟਾ ਨਹੀਂ ਸਕਦੀਆਂ ਅੱਜ ਸਾਡੀ ਸਰਕਾਰ ਦੀ ਰੁਚੀ ਹੀ ਇਹ ਬਣ ਗਈ ਹੈ ਕਿ ਜਿਹੜੀ ਵੀ ਚੀਜ਼ ਦੇਸੋਂ ਬਾਹਰ ਵਿਕ ਸਕਦੀ ਹੈ ਉਸ ਨੂੰ ਬਿਨਾਂ ਇਹ ਸੋਚਿਆਂ ਕਿ ਇਸ ਚੀਜ਼ ਦੀ ਸਸਤਾਈ ਤੇ ਬਹੁਤਾਤ ਨਾਲ ਆਪਣੇ ਦੇਸ਼ ਦੇ ਲੋਕਾਂ ਦੀ ਸਿਹਤ ਤੇ ਸੁਖ ਵਿਚ ਕੁਝ ਵਾਧਾ ਹੋ ਸਕਦਾ ਹੈ। ਵੇਚਣ ਲਈ ਬਾਹਰੀ ਮੰਡੀ ਵਿਚ ਭੇਜ ਦਿੱਤੀ ਜਾਂਦੀ ਹੈ। ਉਸ ਦੇ ਬਦਲੇ ਵਿਚ ਸਾਡਾ ਪਛੜੇਵਾਂ ਦੂਰ ਕਰਨ ਲਈ ਨਿਰੀਆਂ ਮਸ਼ੀਨਾਂ ਹੀ ਨਹੀਂ ਆਉਂਦੀਆਂ, ਬਾਹਰੋਂ ਕਮਾਏ ਸਿੱਕੇ ਦਾ ਬਹੁਤਾ ਹਿੱਸਾ ਸਾਡੀ ਐਸ਼ੋ ਇਸ਼ਰਤ ਦੀਆਂ ਚੀਜ਼ਾਂ ਦੀ ਖ਼ਰੀਦ ਉੱਤੇ ਹੀ ਖ਼ਰਚ ਹੋ ਜਾਂਦਾ ਹੈ। ਉਸ ਸਿੱਕੇ ਨਾਲ ਮੋਟਰ ਕਾਰਾਂ ਖ਼ਰੀਦੀਆਂ ਜਾਂਦੀਆਂ ਹਨ, ਦੇਸ਼ ਦੇ ਹਰੇਕ ਸਿਨਮਾ ਘਰ [illegible] ਚੱਲਣ[illegible] ਵਾਲੀ ਕੱਚੀ ਫ਼ਿਲਮ ਖ਼ਰੀਦੀ ਜਾਂਦੀ ਹੈ, ਘੜੀਆਂ, ਪੈਨ, ਲਿਪਸਟਿਕ ਪਾਊਡਰ ਤੇ ਕਰੀਮ ਤਕ ਖ਼ਰੀ[illegible]ਦੀ ਹੈ। ਗੱਲ ਕੀ ਸਾਡੇ ਦੇਸ਼ ਵਿਚ ਵਿਕਣ ਵਾਲੀ ਹਰ ਬਦੇਸ਼ੀ ਚੀਜ਼ ਸਾਡੇ ਕਪੜੇ, ਚਾਹ, ਚਮੜੇ, ਮਸਾਲੇ ਖੰਡ ਆਦਿ ਤੋਂ ਕਮਾਏ ਬਦੇਸ਼ੀ ਸਿੱਕੇ ਨਾਲ ਖਰੀਦੀ ਹੁੰਦੀ ਹੈ। ਅਤੇ ਇਹ ਗੱਲ ਧਿਆਨ ਨਾਲ ਸੋਚਣ ਵਾਲੀ ਹੈ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬਿਨਾਂ ਸਾਡਾ ਗੁਜ਼ਾਰਾ ਹੋ ਸਕਦਾ ਹੈ। ਮੋਟਰ ਕਾਰਾਂ, ਫ਼ਿਲਮਾਂ ਤੇ ਹੋਰ ਐਸ਼ ਦਾ ਸਾਮਾਨ ਔਸਤ ਹਿੰਦੁਸਤਾਨੀ ਦਾ ਪਛੜੇਂਵਾਂ ਦੂਰ ਕਰਨ ਵਿਚ ਕਿੰਨੀ ਕੁ ਮਦਦ[illegible] ਸਕਦਾ ਹੈ ਇਹ ਕਿਸੇ ਤੋਂ ਭੁ[illegible] ਨਹੀਂ ਹੋਇਆ। ਸਾਡੇ ਦੇਸ਼ [illegible] ਆਦਮੀ ਹੜ ਭੰਨ ਮੇਹਨਤ ਨਾਲ ਕਪਾਹ ਉਗਾਉਂਦਾ ਤੇ ਉਸ ਦਾ ਕਪੜਾ ਬੁਣਦਾ ਹੈ, ਚਮੜੇ ਦਾ ਸਾਮਾਨ ਬਣਾਉਂਦਾ ਹੈ, ਪਟਸਨ ਉਗਾਉਂਦਾ ਤੇ ਉਸ ਦੀਆਂ ਬੋਰੀਆਂ ਬਣਾਉਂਦਾ ਹੈ, ਨਾਰੀਅਲ ਉਗਾਉਂਦਾ ਹੈ ਤੇ ਉਸ ਤੋਂ ਵੰਨ ਸੁਵੰਨੀਆਂ ਚੀਜ਼ਾਂ ਬਣਾਉਂਦਾ ਹੈ, ਕੁਲੂ, ਮਨਾਲੀ ਤੇ ਕਸ਼ਮੀਰ ਵਿਚ ਲਾਲ ਸੂਹੇ ਸੇਬ ਉਗਾਉਂਦਾ ਹੈ ਤੇ ਸਭ ਤੋਂ ਵਧੀਆ ਸੇਬ ਪੇਟੀਆਂ ਵਿਚ ਬੰਦ ਕਰ ਕੇ ਵਲੈਤੀਂ ਭੇਜ ਦੇਂਦਾ ਹੈ—ਰੁਪੈ ਡੇਢ ਰੁਪੈ ਰੋਜ਼ ਦੀ ਮਜ਼ਦੂਰ[illegible] ਗ਼ੁਲਾਮਾਂ ਵਾਲਾ ਜੀਵਨ ਜਿਊ ਕੇ ਚਾਹ ਬਾਗਾਂ ਵਿਚ ਚਾਹ ਉਗਾਉਂਦਾ ਹੈ—ਅਤੇ ਇਹ ਸਭ ਚੀਜ਼ਾਂ [illegible] ਵਲੈਤਾਂ ਨੂੰ [illegible]ਲੀਆਂ ਜਾਂਦੀਆਂ ਹਨ ਬਦੇਸ਼ੀ ਸਿੱਕਾ ਕਮਾਉਣ ਲਈ। ਬਦਲੇ ਵਿਚ ਮੋਟਰਾਂ ਤੇ ਫਿਲਮਾਂ ਆ ਜਾਂਦੀਆਂ ਹਨ, ਲਿਪਸਟਿਕ ਤੇ ਪਾਊਡਰ ਆ ਜਾਂਦਾ ਹੈ। ਵਲੈਤਾਂ ਵਲੋਂ ਹੀ ਸ਼ੁਰੂ ਕੀਤੀ ਠੰਢੀ ਜੰਗ ਤੋਂ ਤਰਹਿ ਕੇ ਆਪਣੇ ਆਪਣੇ ਬਚਾਅ ਦੇ ਨਾਮ ਉਤੇ ਵਲੈਤਾਂ ਵਿਚੋਂ ਹੀ ਬਮ ਵਰਸ਼ਕ ਜਹਾਜ਼ ਆ ਜਾਂਦੇ ਹਨ।

ਅਜੇ ਅਸੀਂ ਉਸ ਚੀਨ ਨਾਲ ਮੁਕਾਬਲੇ ਦੀਆਂ ਗੱਲਾਂ ਕਰਦੇ ਹਾਂ ਜਿਸ ਨੇ ਓਨ[illegible]ਰ ਮੋਟਰ ਕਾਰਾਂ ਵਰਤਨੀਆਂ ਛੱਡ ਦਿਤੀਆਂ ਸਨ ਜਿੰਨਾਂ ਚਿਰ ਆਪਣੇ ਦੇਸ਼ ਵਿਚ ਨਹੀਂ ਬਣਾ ਲਈਆਂ। ਅੰਗਰੇਜ਼ੀ ਪੜ੍ਹਨੀ ਛਡ ਦਿੱਤੀ ਸੀ ਜਿਸ ਅੰਗਰੇਜ਼ੀ ਦੀਆਂ ਕਿਤਾਬਾਂ ਤੇ ਗੰਦੇ ਉਕਸਾਊ ਰਸਾਲਿਆਂ ਉੱਤੇ ਸਾਡੇ ਆਪ ਨੰਗੇ ਰਹਿ ਕੇ ਬਾਹਰ ਕਪੜਾ ਵੇਚ ਕੇ ਕਮਾਏ ਬਦੇਸ਼ੀ ਸਿੱਕੇ ਦਾ ਬੜਾ ਵੱਡਾ ਹਿੱਸਾ ਖ਼ਰਚ ਹੋ ਜਾਂਦਾ ਹੈ। ਜਿੰਨਾਂ ਗੰਦਾ ਭੜਕਾਊ ਅੰਗਰੇਜ਼ੀ ਸਾਹਿਤ ਬਾਹਰੋਂ ਸਾਡੇ ਦੇਸ ਵਿਚ ਮੰਗਵਾਇਆ ਜਾਂਦਾ ਤੇ ਦੇਸ ਦੇ ਨੌਜਵਾਨਾਂ ਨੂੰ ਮੁਜਰਮ ਬਣਾਉਣ ਵਿਚ ਉਸ ਸਾਹਿਤ ਦੀ ਮਦਦ ਲਈ ਜਾਂਦੀ ਹੈ ਉਸ ਦੀ ਮਿਸਾਲ ਅੱਜ ਕਿਧਰੇ ਨਹੀਂ ਮਿਲਦੀ। ਚੀਨ ਇਕ ਮਿਸਾਲ ਸੀ ਪਰ ਉਸ ਨੇ ਆਜ਼ਾਦ ਹੁੰਦਿਆਂ ਹੀ ਇਸ ਸਭ ਕੁਝ ਦਾ ਦੇਸ਼ ਵਿਚ ਦਾਖ਼ਲਾ ਬੰਦ ਕਰ ਦਿੱਤਾ ਸੀ। ਰੂਸ ਨੇ ਜੇ ਤਰੱਕੀ ਕੀਤੀ ਹੈ ਅਤੇ ਅੱਜ ਅਮਰੀਕਾ ਦੇ ਮੁਕਾਬਲੇ ਵਿਚ ਖ਼ਮ ਠੋਕ ਕੇ ਆ ਖਲੋਤਾ ਹੈ ਤਾਂ ਸਿਨਮਾ ਘਰਾਂ ਦੀ ਗਿਣਤੀ ਵਧਾ ਕੇ ਨਹੀਂ ਸਗੋਂ ਉਸ ਨੇ ਆਪਣੀ ਆਜ਼ਾਦੀ ਤੋਂ ਬਾਅਦ ਕਈ ਸਾਲਾਂ ਤਕ ਕੋਈ ਸਿਨਮਾਂ ਚਲਣ ਹੀ ਨਹੀਂ ਸੀ ਦਿਤਾ। ਜਦੋਂ ਤੱਕ ਆਪਣੇ ਦੇਸ਼ ਵਿਚ ਕਚੀ ਫਿਲਮ ਨਹੀਂ ਬਣਾ ਲਈ ਓਨਾ ਚਿਰ ਰੂਸੀਆਂ ਨੇ ਫ਼ਿਲਮ ਨਹੀਂ ਵੇਖੀ।

ਪਰ ਸਾਡੀ ਹਾਲਤ ਇਸ ਤੋਂ ਬਿਲਕੁਲ ਉਲਟ ਹੈ। ਅਸੀਂ ਆਪਣੀ ਲਹੂ ਪਸੀਨੇ ਦੀ ਕਮਾਈ ਨੂੰ ਐਸ਼ੋ ਇਸ਼ਰਤ ਦੀਆਂ ਚੀਜ਼ਾਂ ਉੱਤੇ ਰੋਹੜ ਕੇ ਇਹ ਸਮਝਦੇ ਹਾਂ ਕਿ ਦੇਸ਼ ਤਰੱਕੀ ਕਰ ਰਿਹਾ ਹੈ ਅਤੇ ਅੱਜ ਬਰਤਾਨੀਆਂ ਦੇ ਯੂਰਪੀ ਬਾਜ਼ਾਰ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਤੋਂ ਹੀ ਅਸਾਂ ਤਰਲੇ ਲੈਣੇ ਸ਼ੁਰੂ ਕਰ ਦਿੱਤੇ ਹਨ। ਸਾਡੇ ਕੋਲ ਹੱਥ ਹਨ ਮੂੰਹ ਹਨ ਤੇ ਵਸਤਾਂ ਹਨ, ਫਿਰ ਫ਼ਿਕਰ ਕਿਹਾ?

—ਅਮਰ ਭਾਰਤੀ

ਚਕ੍ਰਦੂਤ ਦੀ ਡਾਇਰੀ

—ਅਜ ਦੀ ਗੱਲ—

ਬਾਪੂ—ਬੇਟਾ, ਰਾਤ ਮੇਰੀ ਪੈਂਟ ਦੀ ਜੇਬ ਵਿਚੋਂ ਚੋਰੀ ਹੋ ਗਈ ਹੈ। ਚੋਰ ਨੂੰ ਮੈਂ ਜਾਣਦਾ ਹਾਂ ਪਰ ਉਸਨੂੰ ਪੁਲਸ ਦੇ ਹਵਾਲੇ ਨਹੀਂ ਕਰ ਸਕਦਾ।

ਬੇਟਾ—ਕਿਉਂ ਬਾਪੂ, ਕੀ ਤੂੰ ਉਸ ਚੋਰ ਤੋਂ ਡਰਦਾ ਏਂ?

ਬਾਪੂ—ਮੈਨੂੰ ਕੀ ਪਤਾ ਬੇਟਾ

ਜੀ ਹਾਂ ਰਾਤ ਨੂੰ ਸਾਡੀ ਜੇਬ ਵਿਚੋਂ ਵੀ ਚੋਰੀ ਹੋ ਗਈ ਥੋੜੀ ਬਹੁਤ ਨਹੀਂ ਪੂਰੀ ਜੇਬ ਹੀ ਖਾਲੀ ਹੋ ਗਈ। ਮੈਂ ਜਾਣਦਾ ਹਾਂ ਕਿ ਚੋਰ ਕੌਣ ਹੈ, ਚੋਰੀ ਦਾ ਮਾਲ ਕਿਥੇ ਹੈ ਤੇ ਕਿਵੇਂ ਚੋਰੀ ਕੀਤੀ ਗਈ ਹੈ? ਪਰ ਨਾ ਪੁਲਸ ਥਾਣੇ ਵਿਚ ਰਿਪੋਰਟ ਕਰਾ ਸਕਦੇ ਹਾਂ, ਨਾ ਚੋਰ ਨੂੰ ਪੁਲਸ ਦੇ ਹਵਾਲੇ ਕਰ ਸਕਦੇ ਹਾਂ।

ਇਹ ਵੀ ਡਰ ਨਹੀਂ ਕਿ ਚੋਰ ਮੈਨੂੰ ਗਿਚੀਓਂ ਫੜ ਲਵੇਗਾ, ਕਿਉਂਕਿ ਮੈਂ ਜਾਣਦਾ ਹਾਂ ਕਿ ਚੋਰ ਦੇ ਪੈਰ ਨਹੀਂ ਹੁੰਦੇ ਤੇ ਚੋਰੀ ਪਕੜੇ ਜਾਣ ਤੇ ਉਹ ਬੁਜ਼ਦਿਲ ਹੋ ਜਾਂਦਾ ਹੈ। ਪਰ ਫਿਰ ਵੀ ਮਜਬੂਰ ਹਾਂ।

ਇਹ ਵੀ ਗਲ ਨਹੀਂ ਕਿ ਅਜ ਪਹਿਲੀ ਵਾਰ ਚੋਰੀ ਹੋਈ ਹੈ। ਸਗੋਂ ਇਹ ਤਾਂ ਪਿਛਲੇ ਛੇ ਸਾਲਾਂ ਤੋਂ ਲਗਾਤਾਰ ਹੋ ਰਹੀ ਹੈ ਅਤੇ ਉਹ ਇਕੋ ਥਾਂ ਤੋਂ, ਯਾਨੀ ਕਿ ਕਿਲੀ ਨਾਲ ਟੰਗੀ ਹੋਈ ਪੈਂਟ ਵਿਚੋਂ ਅੰਦਾਜ਼ਾ ਲਾਉ ਜਿਸ ਆਦਮੀ ਦੀ ਲਗਾਤਾਰ ਹਰ ਰੋਜ਼ ਚੋਰੀ ਹੁੰਦੀ ਹੋਵੇ ਤੇ ਲਗ ਪਗ ਛੇ ਸਾਲਾਂ ਤੋਂ ਇਹ ਚੋਰੀ ਹੋ ਰਹੀ ਹੋਵੇ ਤਾਂ ਉਸ ਦਾ ਕਿੰਨਾ ਮਾਲ ਚੋਰੀ ਹੋ ਗਿਆ ਹੋਵੇਗਾ। ਪਰ ਫਿਰ ਵੀ ਅਸੀਂ ਮਜਬੂਰ ਹਾਂ, ਨਾ ਚੋਰ ਨੂੰ ਫੜਾ ਸਕਦੇ ਹਾਂ ਨਾ ਚੋਰੀ ਦਾ ਮਾਲ ਹੀ ਬਰਾਮਦ ਕਰ ਸਕਦੇ ਹਾਂ। ਹੁਣ ਤੁਸੀਂ ਹੀ ਇਹ ਦਸੋ ਅਸੀਂ ਇਸ ਮੁਸੀਬਤ ਵਿਚ ਕੀ ਕਰੀਏ।

ਤੁਸੀਂ ਜ਼ਰੂਰ ਰਾਇ ਦਿਉਗੇ ਕਿ ਪੁਲਸ ਦੀ ਮਦਦ ਲਉ। ਜੇ ਇਸ ਤਰ੍ਹਾਂ ਚੋਰ ਕਾਬੂ ਨਾ ਆਏ ਤਾਂ ਮਿਲਟਰੀ ਦੀ ਸਹਾਇਤਾ ਲੈ ਲਉ। ਪਰ ਸਚ ਪੁਛੋ ਤਾਂ ਇਸ ਚੋਰ ਨੂੰ ਨਾ ਪੁਲਸ ਪਕੜ ਸਕਦੀ ਏ ਤੇ ਨਾ ਹੀ ਮਿਲਟਰੀ ਇਸ ਦਾ ਕੁਝ ਵਿਗਾੜ ਸਕਦੀ ਜੇ।

ਹੁਣ ਸ਼ਾਇਦ ਤੁਸੀਂ ਸੋਚਣ ਲਗ ਪਉਗੇ ਕਿ ਜ਼ਰੂਰ 'ਚੂਹਾ' ਹੋਣਾ ਏ ਜਿਹੜਾ ਚਕ੍ਰਦੂਤ ਦੀ ਜੇਬ ਵਿਚੋਂ ਮਾਲ ਉਡਾਂਦਾ ਏ। ਪਰ ਇਹ[illegible] ਵੀ ਠੀਕ ਨਹੀਂ, ਕਿਉਂਕਿ ਜੇਕਰ ਚੂਹਾ ਹੁੰ[illegible] ਤਾਂ ਉਸ ਨੂੰ ਚੂਹੇ ਪਕੜਨ ਵਾਲੇ ਪਿੰਜਰੇ ਨਾਲ ਕਾਬੂ ਕਰ ਲੈਂਦੇ ਪਰ ਇਹ ਚੋਰ ਅਜਿਹਾ ਹੈ, ਚਿਟੇ ਦਿਨ ਤੇ ਖੁਲੀਆਂ ਅਖਾਂ ਦੇ ਸਾਹਮਣੇ ਚੋਰੀ ਕਰ ਲੈਂਦਾ ਹੈ, ਪਰ ਚਕਰਦੂਤ ਵਿਚਾਰਾ ਉਸ ਦਾ ਕੁਝ ਵੀ ਨਹੀਂ ਵਿਗਾੜ ਸਕਦਾ। ਕਰਾਹੁੰਦੇ ਦਿਲ ਤੇ ਹਸਦੇ ਹੋਠਾਂ ਨਾਲ ਆਪਣੇ ਜੇਬ ਵਿਚੋਂ ਚੋਰੀ ਕਰਨ ਵਾਲੇ ਚੋਰ ਨੂੰ ਵੇਖਦਾ ਰਹਿੰਦਾ ਹੈ ਅਤੇ ਚੋਰੀ ਕਰਾਉਣ ਤੋਂ ਬਾਅਦ ਕਹਿੰਦਾ ਹੈ— 'ਸਚ ਮੁਚ ਸ੍ਰੀਮਤੀ ਜੀ ਤੁਹਾਡਾ ਵੀ ਜਵਾਬ ਨਹੀਂ।'

ਖੰਡ ਸਾਰੀ ਤਿਆਰ ਕਰਨ ਵਾਲੇ ਲਸੰਸ ਲੈਣ

[illegible]ੜ੍ਹ, ੧੪ ਜੁਲਾਈ—ਰਾਜ ਦੇ ਸਨਅਤ ਵਿਭਾਗ ਖੰਡ ਸਾਰੀਅ ਤਿਆਰ ਕਰਨ ਵਾਲੇ ਅਤੇ ਉਹਨਾਂ ਸਜਣਾਂ ਨੂੰ ਜਿਹੜੇ ਆਉਣ ਵਾਲੇ ਮੌਸਮ ਦੀ ਇਹ ਸਨਅਤ ਲਾਉਣਾ ਚਾਹੁੰਦੇ ਹੋਣ ਲਸੰਸ ਲੈਣ ਦੀ ਸਲਾਹ ਦਿਤੀ ਹੈ।

ਸਨਅਤ ਵਿਭਾਗ ਨੇ ਇਸ ਸਨਅਤ ਵਿਚ ਲਗੇ ਵਿਅਕਤੀਆਂ ਨੂੰ ਚਿਤਾਵਨੀ ਦਿਤੀ ਹੈ ਕਿ ਰਾਜ ਦੇ ਲਸੰਸ ਦੇਣ ਵਾਲੇ ਅਧਿਕਾਰੀਆ ਤੋਂ ਲਸੰਸ ਲਏ ਬਿਨਾਂ ਖੰਡ ਸਾਰੀ ਤਿਆਰ ਕਰਨੀ ਜੁਰਮ ਹੈ ਕਸੂਰਵਾਰਾਂ ਵਿਰੁਧ ਜ਼ਰੂਰੀ ਵਸਤੂਆਂ ਦੇ ਐਕਟ, ੧੯੫੫ ਦੀਆਂ ਧਰਾਵਾਂ ਦੇ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

ਸਤਿਗੁਰਾਂ ਦਾ ਪ੍ਰੋਗਰਾਮ

੨੪ ਜੁਲਾਈ, ਸੋਮਵਾਰ
ਮੇਲਾ ਕਰਨਾਲ ਸ਼ਹਿਰ

੨੫ ਜੁਲਾਈ, ਮੰਗਲਵਾਰ
ਲੰਗਰ ਸੰਤ ਪਿਆਰਾ ਸਿੰਘ, ਸਪੁਤ੍ਰ ਠੇਕੇਦਾਰ ਈਸ਼ਰ ਸਿੰਘ ਜੀ, ਦਿੱਲੀ।

੨੬ ਜੁਲਾਈ, ਬੁਧਵਾਰ
ਆਸਾ ਦੀ ਵਾਰ ਤੇ ਲੰਗਰ ਸੰਤ ਗੰਡਾ ਸਿੰਘ ਜੀ ਦੇ ਘਰ, ਰਾਜੌਰੀ ਗਾਰਡਨ, ਦਿੱਲੀ।

੨੭ ਜੁਲਾਈ, ਵੀਰਵਾਰ
ਆਸਾ ਦੀ ਵਾਰ ਤੇ ਅਨੰਦ ਕਾਰਜ ਨਾਮਧਾਰੀ ਧਰਮਸਾਲਾ ਰਮੇਸ਼ ਨਗਰ, ਦਿੱਲੀ।

ਲੰਗਰ ਸੰਤ ਗਿਆਨ ਸਿੰਘ ਜੀ, ੧੬੭, ਰਮੇਸ਼ ਨਗਰ।

ਨੋਟ:—ਸ਼ਾਮ ਦੇ ਦੀਵਾਨ ਦਾ ਪਰੋਗਰਾਮ ਆਸਾ ਦੀ ਵਾਰ ਸਮੇਂ ਸੁਣਾਇਆ ਜਾਇਆ ਕਰੇਗਾ।

(ਸ੍ਰੀ ਸਤਿਗੁਰੂ ਜੀ ਤਿੰਨ ਦਿਨ ਦਿੱਲੀ ਦਰਸ਼ਨ ਦੇਣਗੇ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਆਮ ਫੇਰੀ

ਲੰਪਾਗ ਵਿਚ ਸਤਿਗੁਰੂ ਦਰਸ਼ਨ—ਸੰਤ ਇੰਦਰ ਸਿੰਘ ਜੀ ਚਰਕ੍ਵਰਤੀ

—ਪਾਠਕ ਅਗੇ ਤਿੰਨ ਕਿਸ਼ਤਾਂ ਸਿਆਮ ਦੌਰੇ ਦੀਆਂ ਪੜ੍ਹ ਚੁਕੇ ਹਨ ਉਸ ਤੋਂ ਅਗੋਂ ਅਜ ਪੜ੍ਹੋ—

ਸਤਿਗੁਰਾਂ ਅਗੇ ਫੁਰਮਾਇਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ—ਭਾਈ ਭਜਨ ਬਾਣੀ ਤਕੜੇ ਹੋ ਕੇ ਕਰਨਾ—ਅਸੀਂ ਆਦਮੀ ਹਾਂ ਕੀ ਪਤਾ ਹੈ ਕਿ ਦਮ ਆਵੇ ਜਾਂ ਨਾ। ਨਾਮ ਨੂੰ ਕਦੀ ਨਾ ਭੁਲੋ 'ਹਾਥ ਪਾਉ ਕੰਮ ਕਰ ਸਭ ਚੀਜ਼ ਨਿਰੰਜਨ ਨਾਲ,' ਜਿਸ ਸਤਿਗੁਰੂ ਨੇ ਸਾਡੇ ਤੇ ਕਿਰਪਾ ਕੀਤੀ ਹੈ, ਉਸ ਨੂੰ ਭੁਲਣਾ ਨਹੀਂ। ਸ੍ਰੀ ਗੁਰੂ ਜੀ ਨੇ ਘਰ-ਘਰ ਅੰਦਰ ਧਰਮਸਾਲਾ ਕਾਇਮ ਕੀਤੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਪਾਠ ਨਹੀਂ ਸਨ ਕਰਨ ਦਿਤੇ ਜਾਂਦੇ। ਗਰੀਬੀ ਸਿਖ ਜਿਹਲਾਂ ਵਿਚ ਡੱਕ ਦਿਤੇ ਜਾਂਦੇ। ਜਿਥੇ ਚਕੀਆਂ ਪੀਂਹਦੇ ਮੁਸ਼ੱਕਤ ਕਰਦੇ ਸ਼ਹੀਦ ਹੋ ਗਏ। ਉਨ੍ਹਾਂ ਦੀ ਕੁਰਬਾਨੀ ਦਾ ਫਲ ਅਜ਼ਾਦੀ ਪ੍ਰਾਪਤ ਹੋਈ ਹੈ। 'ਜਿਨੈ ਤੋਹਿ ਧਿਆਇਓ ਤਿਨੈ ਪੂਰਣ ਪ੍ਰਤਾਪ ਪਾਇਓ, ਸਰਬ ਧਨ ਧਾਮ ਫਲ ਫੂਲ ਸੋ ਭਰਤ ਹੈ।' ਨਾਮ ਭੁਲਣ ਕਰ ਕੇ ਅਸੀਂ ਅਧੋਗਤੀ ਵਿਚ ਜਾ ਰਹੇ ਹਾਂ। ਅਸਲ ਘਰ ਜਿਥੇ ਜਾਣਾ ਹੈ, ਉਸ ਨੂੰ ਭੁਲ ਗਏ ਹਾਂ। 'ਦਾਤ ਪਿਆਰੀ ਵਿਸਰਿਆ ਦਾਤਾਰਾ—' ਦੇਣ ਵਾਲਾ ਸਭੋ ਕੁਝ ਦਿੰਦਾ ਹੈ। 'ਜੋ ਘਰ ਛਡਿ ਗਵਾਂਵਣਾ ਲਗਾ ਮਨ ਮਾਹਿ। ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ।' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ ਦਿਲ ਵਿਚ ਵਸਾਓ ਉਨ੍ਹਾਂ ਜੋ ਹੁਕਮ ਕੀਤਾ ਹੈ, ਓਹ ਸਚ ਸਚ ਤੇ ਸਹੀ-ਸਹੀ ਵਰਤਦਾ ਹੈ। ਉਨ੍ਹਾਂ ਇਕ ਘੰਟਾ ਰੋਜ਼ਾਨਾ ਨਾਮ ਸਿਮਰਣ ਲਈ ਹੁਕਮ ਦਿਤਾ ਹੈ, ਜਿਹੜੇ ਇਸ ਹੁਕਮ ਦੀ ਪਾਲਣਾ ਕਰਨਗੇ ਉਹ ਲੋਕ ਸੁਖੀ ਤੇ ਪਰਲੋਕ ਸੁਹੇਲੇ ਹੋਣਗੇ। ਨਹੀਂ ਅਗੇ ਤੇ ਚਕੀ ਹੀ ਚਲੀ ਸੀ। ਪਰ ਹੁਣ ਖਰਾਸ ਚਲਣਾ ਹੈ। ਇਸ ਤੋਂ ਬਚਣ ਦਾ ਹੋਰ ਜੋ ਕੋਈ ਸਾਧਨ ਦਸਦੇ ਹਨ ਉਹ ਗ਼ਲਤ ਹੈ। ਨਾਮ ਬਾਣੀ ਤੋਂ ਬਿਨਾਂ ਹੋਰ ਕੋਈ ਵੀ ਸਾਧਨ ਨਹੀਂ। ਇਸ ਲਈ ਨਾਮ ਜਪ ਨਿਤਨੇਮ ਨੂੰ ਕਦੀ ਨਾ ਭੁਲੋ।

ਇਸ ਤੋਂ ਪਿਛੋਂ ਨਿਤਨੇਮ ਹੋਇਆ ਸੰਗਤ ਨਾਮ ਜਪਦੀ ਸਤਿਗੁਰ ਦਰਸ਼ਨ ਦਾ ਅਨੰਦ ਮਾਣਦੀ ਰਹੀ।

ਰਾਤੀਂ ਨਾਮਧਾਰੀ ਪੰਥ ਦੇ ਮਹਾਂ ਵਿਦਵਾਨ ਸ੍ਰੀ ਮਾਨ ਪੰਡਤ ਗੋਪਾਲ ਸਿੰਘ ਜੀ ਨੇ ਕੀਰਤਨ ਤੇ ਵਿਖਿਆਨ ਕੀਤਾ, ਆਪ ਜੀ ਦੇ ਵਿਖਿਆਨ ਦਾ ਵਿਸ਼ਾ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਦੀ ਵਿਆਖਿਆ ਸੀ। ਆਪ ਜੀ ਨੇ ਕਿਹਾ ਗੁਰੂ ਅਵਿਤਾਰ, ਧਰਨ ਦਾ ਭਾਰ ਹਰਨ, ਗਊ ਗ਼ਰੀਬ ਦੇ ਕਸ਼ਟ ਨਵਿਰਤ ਕਰਨ ਸੰਸਾਰ ਤੇ ਆਉਂਦੇ ਨੇ। ਸ੍ਰੀ ਗੁਰੂ ਅਰਜਨ ਜੀ ਨੂੰ ਜਿੰਨੇ ਕਸ਼ਟ ਦਿਤੇ ਉਨ੍ਹਾਂ ਸਾਰੇ ਹਸਦਿਆਂ ਹਸਦਿਆਂ ਬਰਦਾਸ਼ਤ ਕੀਤੇ ਪਰ ਜਦ ਹਕੂਮਤ ਵਲੋਂ ਗਊ ਦੇ ਕਚੇ ਚੰਮ ਵਿਚ ਮੜ੍ਹਾਣ ਲਈ ਕਿਹਾ ਗਿਆ ਤਦ ਆਪ ਬਹੁਤ ਖਿੰਨ ਹੋ ਗਏ ਅਤੇ ਸਰੀਰ ਤਿਆਗ ਦਿਤਾ ਪਰ ਧਰਮ ਨਾ ਛਡਿਆ। ਧਰਮ ਦੀ ਰਖਿਆ ਵਾਸਤੇ ਹੀ ਸਿਖ ਧਰਮ ਦੀ ਸਾਜਨਾ ਹੋਈ ਸੀ। ਸਾਡਾ ਫ਼ਰਜ਼ ਹੈ ਕਿ ਅਸੀਂ ਧਰਮ ਦੀ ਪਾਲਨਾ ਵਾਸਤੇ ਸਦਾ ਤੱਤਪਰ ਰਹੀਏ।

ਪੰਡਤ ਜੀ ਦੇ ਵਿਖਿਆਨ ਦਾ ਬਹੁਤ ਹੀ ਅਸਰ ਹੋਇਆ। ਸੰਗਤ ਬਹੁਤ ਹੀ ਨਿਹਾਲ ਹੋਈ। ੧੮-੬-੬੧ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਧਰਮਸਾਲਾ ਚੰਗਮਈ ਵਿਚ ਹੋਇਆ। ਚੰਗਮਈ ਦੀ ਧਰਮਸਾਲਾ ਨਾਮਧਾਰੀ ਸੰਗਤ ਚੰਗਮਈ ਨੇ ੧੦ ਲਖ ਟਿਕਲ ਖਰਚ ਕਰ ਕੇ ਬਹੁਤ ਆਲੀਸ਼ਾਨ ਬਣਵਾਈ ਹੈ। ਜਿਸ ਦੇ ਅੰਦਰ ਹੀ ਖੂਹੀ ਲਗੀ ਹੋਈ ਹੈ। ਇਸ ਸਾਰੇ ਦੌਰੇ ਵਿਚ ਸੇਠ ਗੁਰਬਖਸ਼ ਸਿੰਘ ਪ੍ਰੀਤਮ ਦੇ ਸਪੁਤ੍ਰ ਸ੍ਰੀ ਸੁਦਰਸ਼ਨ ਸਿੰਘ ਜੀ, ਸ੍ਰੀ ਸਤਿਗੁਰੂ ਦੀ ਹਜ਼ੂਰੀ ਵਿਚ ਹੀ ਰਹੇ ਹਨ। ਆਪ ਜੀ ਨੇ ਪੂਰਨ ਮਰਯਾਦਾ ਰਖੀ ਹੋਈ ਹੈ। ਬਹੁਤ ਹੀ ਪ੍ਰੇਮ ਪਿਆਰ ਨਾਲ ਸ੍ਰੀ ਸਤਿਗੁਰੂ ਜੀ ਦੀ, ਲਾਲਾ ਰੋਲਾ, ਬਣ ਕੇ ਸੇਵਾ ਕਰ ਰਹੇ ਹਨ ਫਿਰ ਵਾਧਾ ਇਹ ਹੈ ਕਿ ਸਦਾ ਖਿੜੇ ਮਥੇ ਹਸੂੰ—ਹਸੂੰ ਕਰਦੇ ਰਹਿੰਦੇ ਹਨ। ਆਪ ਨੂੰ ਨਾ ਦੌਲਤ ਦਾ ਨਸ਼ਾ ਹੈ ਨਾ ਅਮੀਰੀ ਦਾ ਘਮੰਡ ਹੈ। ਬਹੁਤ ਹੀ ਨਿਰਮਾਨ ਭਾਵ ਨਾਲ ਸੇਵਾ ਕਰਦੇ ਹਨ।

ਸ੍ਰੀ ਹਜ਼ੂਰ ਅਤੇ [illegible] ਪਾਤ- [illegible] ਭਾਈ ਵਜ਼ੀਰ ਸਿੰਘ ਜੀ [illegible] ਸਾਲ ਰਹੇ ਆਪ ਜੀ ਦੇ [illegible] ਇਕ ਹੀ ਨਿਸ਼ਾਨਾ ਸੀ ਕਿ ਜਿਵੇਂ ਵੀ ਹੋ ਸਕੇ ਸੇਵਾ ਕਰ ਕੇ ਸਤਿਗੁਰੂ ਜੀ ਦੀ ਪ੍ਰਸੰਨਤਾ ਹਾਸਲ ਕੀਤੀ ਜਾਵੇ। ਆਪ ਤੋਂ ਪਿਛੋਂ ਭਾਈ ਗੁਲਜ਼ਾਰ ਸਿੰਘ ਜੀ ਇਨ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਹਨ। ਮੈਂ ਵੇਖਦਾ ਹਾਂ ਕਿ ਭਾਈ ਗੁਲਜ਼ਾਰ ਸਿੰਘ ਦੇ ਦਿਲ ਵਿਚ ਹੀ ਇਕੋ ਹੀ ਰੀਝ ਚਾਅ ਤੇ ਉਮਾਹ ਹੈ। ਇਨ੍ਹਾਂ ਦਿਨੇ ਆਰਾਮ ਕਰਦੇ ਤੇ ਨਾ ਰਾਤੀਂ, ਸ੍ਰੀ ਸਤਿਗੁਰੂ ਦੀ ਹਜ਼ੂਰੀ ਵਿਚ ਹਰ ਸਮੇਂ ਹਾਜ਼ਰ ਰਹਿੰਦੇ ਨੇ. ਸੰਗਤ ਨਾਲ ਇਨ੍ਹਾਂ ਦਾ ਬਹੁਤ ਹਿਤ ਹੈ।

ਅਜ ਆਸਾ ਦੀ ਵਾਰ ਪਿਛੋਂ 'ਸਾਨ ਪਤੰਗ' ਨਾਮੀ ਸਥਾਨ, ਜੋ ਚੰਗਮਈ ਤੋਂ ੧੫ ਮੀਲ ਹੈ ਸ੍ਰੀਮਾਨ ਸੰਤ ਗੁਰਬਚਨ ਸਿੰਘ ਜੀ ਦੀ ਨਵੀਂ ਦੁਕਾਨ ਦਾ ਸ੍ਰੀ ਸਤਿਗੁਰੂ ਜੀ ਉਦਘਾਟਨ ਕਰ ਗਏ। ਨਾਲ ਸਾਰੀ ਸੰਗਤ ਗਈ।

ਸ੍ਰੀ ਸਤਿਗੁਰੂ ਜੀ ਜਦੋਂ ਵੀ ਸਿਆਮ ਦੇ ਦੌਰੇ ਆਏ ਹਨ ਤਦੋਂ ਹੀ ਚੰਗਮਈ ਆਦਿ ਵਿਚ ਵੀ ਜ਼ਰੂਰ ਹੀ ਚਰਨ ਪਾਉਂਦੇ ਰਹੇ ਹਨ। ਮੈਂ ਤੀਜੀ ਵਾਰ ਸਿਆਮ ਆਇਆ ਹਾਂ, ਤ੍ਰੈਵੇਂ ਵਾਰ ਚੰਗਮਈ ਜਾਣ ਦਾ ਅਵਸਰ ਮਿਲਦਾ ਰਿਹਾ ਹੈ। ਇਸ ਵਾਰ ਕੁਝ ਕੰਮ ਕਾਜ ਦੀ ਰੁਝ ਰੁਝੇਵੇਂ ਕਰਕੇ ਮੈਨੂੰ ਜਾਪਿਆ ਕਿ ਐਤਕਾਂ ਸ਼ਾਇਦ ਬੈਂਕੋਕ ਦੀ ਸੰਗਤ ਦਾ ਪ੍ਰੇਮ ਘਟ ਹੈ ਪੂਰੀ ਤਰ੍ਹਾਂ ਚੰਗਮਈ ਨਹੀਂ ਆਏ, ਅਜੇ ਮੈਂ ਇਹ ਖਿਆਲ ਕਰ ਹੀ ਰਿਹਾ ਸਾਂ ਕਿ ਅਚਾਨਕ ਇਕ ਕਾਰ ਆ ਗਈ ਜਿਸ ਵਿਚ ਸਰਦਾਰ ਅਰਜਨ ਸਿੰਘ ਜੀ, ਉਨ੍ਹਾਂ ਦੀ ਧਰਮ ਪਤਨੀ, ਉਨ੍ਹਾਂ ਦਾ ਸਪੁਤ੍ਰ ਸ੍ਰੀ ਮਾਨ ਸਰਦਾਰ ਲਾਭ ਸਿੰਘ ਜੀ ਆਦਿ ਆਣ ਉਤਰੇ ਸਫਰ ਬਿਖੜਾ ਅਤੇ ਕਈ ਸੌ ਕਿਲੋਮੀਟਰ ਸੀ। ਊਬੜ ਖਾਬੜ ਧਰਤੀ ਕਾਰ ਦੇ ਟਾਇਰਾਂ ਦੀ ਦੁਸ਼ਮਨ ਹੀ ਹੋਇਆ ਕਰਦੀ ਹੈ। ਇਹ ਸਜਨ ਕਿਸੇ ਕਾਰਣ ਕਰ ਕੇ ਰੇਲ ਵਿਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਲ ਨਹੀਂ ਆ ਸਕੇ ਪਰ ਪਿਛੇ ਵੀ ਨਾ ਰਹਿ ਸਕੇ, ਸ੍ਰੀ ਸਤਿਗੁਰੂ ਦਰਸ਼ਨ ਦੀ ਖਿਚ ਉਨ੍ਹਾਂ ਨੂੰ ਖਿਚ ਕੇ ਲੈ ਆਈ। ਕਪੂਰ ਸਿੰਘ ਜੀ [illegible] ਆਦਿ ਨਾਲ ਹੀ ਸਨ।

ਸੇਠ ਰਛਪਾਲ ਸਿੰਘ, ਸੇਠ ਪਿਆਰਾ ਸਿੰਘ ਆਦਿ ਸੇਠ [illegible]ਥਾਨ ਵੀ ਹਜ਼ੂਰੀ ਵਿਚ ਨਾਲ ਗਏ। ਸੇਠ ਪ੍ਰਵਾਰ ਜਿਸ ਪਿਆਰ ਉਮਾਹ ਸ਼ਰਧਾ ਤੇ ਚਾ ਨਾਲ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਸ਼ਰਧਾ ਪ੍ਰਦਰਸ਼ਨ ਕਰਦੇ ਹਨ, ਉਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਜਦ ਬੰਦੇ ਕੋਲ ਪੈਸੇ ਹੋ ਜਾਂਦੇ ਨੇ ਤਦ ਉਨ੍ਹਾਂ ਦਾ ਨਸ਼ਾ ਮਨ ਦੀ ਹਾਲਤ ਬਦਲ ਦਿੰਦਾ ਹੈ ਅਤੇ ਬੰਦੇ ਨੂੰ ਉਕਸਾ ਕੇ ਭੈੜੇ ਤੋਂ ਭੈੜਾ ਕੰਮ ਕਰਵਾ ਦਿੰਦਾ ਹੈ। ਫਿਰ ਨਾ ਧਰਮ ਰਹਿੰਦਾ ਹੈ ਨਾ ਈਮਾਨ ਨਾ ਸਿਦਕ ਰਹਿੰਦਾ [illegible] ਸਤਿਗੁਰੂ ਪ੍ਰਤਾਪ ਸਿੰਘ [illegible] ਕਿਰਪਾ ਹੈ ਇਨ੍ਹਾਂ ਨੂੰ [illegible] ਕੋਈ ਨਸ਼ਾ ਨਹੀਂ। ਇਹ [illegible] ਤੇ ਸਭੋਂ ਆਪਣੇ ਧਰਮ [illegible] ਹੋਏ ਹਨ। ਵਡਿਆਂ ਦੀ [illegible] ਸੇਠਾਂ ਦੇ ਨਿਕੇ ਬੱਚੇ [illegible] ਨਾਮ ਸਿਮਰਣ [illegible] ਆਦਿ ਕਰਨ ਵਿਚ ਪੂਰਨ ਸ਼ਰਧਾ ਅਕੀਦਤ ਤੇ ਭਰੋਸਾ ਰਖਦੇ ਹਨ। ਸੇਠ ਰਛਪਾਲ ਸਿੰਘ ਜੀ ਦੀ ਧਰਮ ਪਤਨੀ ਬੀਬੀ ਜੀ ਪੂਰਨ ਮਰਯਾਦਾ ਰਖ ਕੇ [illegible] ਲੰਗਰ ਵਿਚ ਹਰ ਪ੍ਰਕਾਰ ਦੀ ਸੇਵਾ ਕਰਦੇ ਰਹੇ ਹਨ। [illegible] ਬੀਬੀਆਂ, ਖਾਸ ਕਰ ਕੇ ਫੁਲਾ ਸਿੰਘ ਜੀ ਦਾ ਸਾਰਾ ਪ੍ਰਵਾਰ ਧੀਰ ਜੀ, ਪ੍ਰੀਤਮ ਜੀ, [illegible] ਸਿੰਘ ਜੀ, [illegible]ਲੋਕ ਸਿੰਘ ਜੀ ਤੇ ਅਵਤਾਰ ਸਿੰਘ ਆਦਿ ਸਾਰਾ ਪਰਵਾਰ ਸਤਿਗੁਰੂ ਦਰਸ਼ਨ ਦੇ ਚਾਅ ਵਿਚ ਰਤਾ ਹੋਇਆ ਸੀ।

ਸੇਠਾਂ ਤੋਂ ਉਪ੍ਰੰਤ [illegible] ਦੀ ਆਮ ਸਾਧ-ਸੰਗਤ ਜਿਨ੍ਹਾਂ ਨੂੰ [illegible] ਸੇਠਾਂ ਨਾਲੋਂ ਅਡ ਨਹੀਂ ਕੀਤਾ ਜਾ ਸਕਦਾ ਕਿਉਂ ਕਿ ਹਰ ਕੋਈ ਸੇਠਾਂ ਨਾਲ ਅੰਗਲੀ ਸੰਗਲੀਓ, ਰਲ ਮਿਲ ਜਾਂਦਾ ਹੈ। ਇਨ੍ਹਾਂ ਦੇ ਭਾਵੇਂ ਆਪਸ ਵਿਚ ਸੇਠਾਂ ਨਾਲ ਵੀ ਮਤਭੇਦ ਕਿਉਂ ਨਾ ਹੋ ਜਾਣ ਪਰ ਸਭੇ [illegible] ਸਤਿਗੁਰੂ ਜੀ ਦੇ ਵਫਾਦਾਰ ਹਨ [illegible]ਠਾਂ ਦੇ ਸਨੇਹੀ ਹਨ। ਮੈਂ ਸਾਰੇ ਸਜਣਾਂ ਦੇ ਨਾਵਾਂ ਤੋਂ ਵਾਕਿਫ ਨਹੀਂ, ਨਾ ਲਿਖੇ ਸਨ ਪਰ ਉਹ ਕਾਗਜ਼ ਗੁਆਚ ਗਿਆ। ਸ੍ਰੀ ਦਲੇਰ ਜੀ, ਗਿਆਨੀ ਹਰਬੰਸ ਸਿੰਘ ਜੀ ਜਥੇਦਾਰ ਪ੍ਰਤਾਪ ਸਿੰਘ ਜੀ, ਕੰਡਲ ਗਿਆਨ ਖਾਨਦਾਨ, ਮਨਚੰਦਾ ਖਾਨਦਾਨ ਬਹੁਤ ਹੀ ਸ੍ਰੀ ਗੁਰੂ ਜੀ ਨੂੰ ਪਿਆਰਦੇ ਹਨ।

ਦੂਜਾ ਪ੍ਰਸਿਧ ਖਾਨਦਾਨ ਹੈ ਸ੍ਰੀ ਮਾਨ ਬਾਬਾ ਟਹਿਲ ਸਿੰਘ ਜੀ ਸੇਖਵਾਂ ਵਾਲਿਆਂ ਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ ਕਿ—ਸੁਨਿਆਰ ਸਿੰਘ ਨਹੀਂ ਜੇ ਸਿਖ ਹੈ ਤਾਂ ਸੁਨਿਆਰਾ ਨਹੀਂ। ਇਹ ਸਿਖ ਹਨ ਸੁਨਿਆਰੇ ਨਹੀਂ। ਇਨ੍ਹਾਂ ਵਿਚੋਂ ਬਜ਼ੁਰਗ ਤੇ ਬਹੁਤ ਸਾਰੇ ਚਾਲੇ ਪਾ ਗਏ ਹਨ, ਸੰਤ ਸੁੰਦਰ ਸਿੰਘ ਜੀ ਹਸਪਤਾਲ-ਵਿਚ ਸਨ ਮੈਨੂੰ ਦਿਲੀ ਖੇਦ ਹੈ ਕਿ ਮੈਂ ਉਨ੍ਹਾਂ ਨੂੰ ਮਿਲ ਨਾ ਸਕਿਆ। ਮੇਰੇ ਦਿਲ ਵਿਚ ਉਨ੍ਹਾਂ ਦਾ ਬਹੁਤ ਹੀ ਸਤਿਕਾਰ ਹੈ ਉਨ੍ਹਾਂ ਦੇ ਸਪੁਤ੍ਰ ਸ੍ਰੀ ਕੇਹਰ ਸਿੰਘ ਜੀ ਕੇਹਰ ਹਨ, ਜੋ ਪੰਥਕ ਅਖਬਾਰਾਂ ਦੇ ਰਿਪੋਰਟਰ ਹਨ ਤੇ ਬਹੁਤ ਪਿਆਰ ਵਾਲੇ ਹਨ। ਇਨ੍ਹਾਂ ਦੇ ਭਰਾ, ਮਹਾਨ ਵਿਅਕਤੀ ਤੇ ਪੂਰਨ ਸੰਤ ਬੰਕੋਕ ਵਿਚ ਗੁਰਦਵਾਰਾ ਤਾਮੀਰ ਕਰਨ ਦੀ ਪ੍ਰੇਰਨਾ ਦੇਣ ਵਾਲੇ ਸੰਤ ਧਿਆਨ ਸਿੰਘ ਜੀ ਦੇ ਸਯੋਗ ਸਪੁਤ੍ਰ ਸ੍ਰੀ ਗੁਰਬਖਸ਼ ਸਿੰਘ ਜੀ ਹੰਸ, ਸਚੀ ਮੁਚੀ ਹੀ ਹੰਸ ਹਨ, ਸਦਾ ਖਿੜਿਆ ਚਿਹਰਾ ਪ੍ਰਸੰਨ ਚਿਤ ਸ੍ਰੀ ਸਤਿਗੁਰੂ ਜੀ ਤੋਂ ਕੁਰਬਾਨ ਹੋਣ ਵਾਲੇ ਤਖਤ ਸਿੰਘ ਕੰਵਲ ਨੈਨ, ਭਗਤ ਸਿੰਘ ਦੇ ਸਪੁਤ੍ਰ ਇੰਦਰ ਦਮਨ ਸਿੰਘ ਤੇ ਜਗਜੀਤ ਸਿੰਘ ਤਾਬੀ ਦੇ ਸਪੁਤ੍ਰ ਗੁਰੂ ਪਿਆਰੇ ਤੇ ਸਵਾਰੇ ਹਨ।

ਮਿਸਿਜ਼ ਪੰਡਤ ਲਈ ਐਡਨਬਰਾ ਦੀ ਡਿਗਰੀ

ਬਰਤਾਨੀਆ ਵਿਚ ਭਾਰਤੀ ਹਾਈ ਕਮਿਸ਼ਨਰ, ਮਿਸਿਜ਼ ਵਿਜੈ ਲਕਸ਼ਮੀ ਪੰਡਿਤ ਪਿਛਲੇ ਸ਼ੁਕਰਵਾਰ ਜਦੋਂ ਐਡਿਨਬਰਾ ਯੂਨੀਵਰਸਿਟੀ ਵਲੋਂ ਡਾਕਟਰ ਆਫ ਲਾਅ ਦੀ ਡਿਗਰੀ ਨਾਲ ਸਨਮਾਨੇ ਗਏ, ਤਦ ਸਾਰਾ ਵਾਤਾਵਰਨ ਇਕ ਪ੍ਰਸੰਸਕ ਪਿੜ ਦੇ ਰੂਪ ਵਿਚ ਬਦਲ ਗਿਆ।

ਫੈਕੱਲਟੀ ਆਫ ਲਾਜ਼ ਦੇ ਡੀਨ ਨੇ ਆਪਣੇ ਉਨੀਵੀਂ ਸਦੀ ਦੇ ਪੂਰਬ ਅਧਿਕਾਰੀ ਦਾ ਹਵਾਲਾ ਦੇਂਦਿਆਂ ਭਾਰਤ ਦੇ ਭਵਿਖਤ ਅਤੇ ਇਕ ਸੰਯੁਕਤ ਰਾਸ਼ਟਰ ਸੰਸਥਾ ਦਾ ਉਹ ਸੁਪਨਾ ਯਾਦ ਕਰਵਾਇਆ ਜੋ ਅਜ ਇਨਬਿਨ ਸਾਕਾਰ ਹੋਇਆ ਜਾਪਦਾ ਹੈ ਭਵਿਖਤ ਦੀ ਭਾਰਤੀ ਇਸਤਰੀ ਬਾਰੇ ਸਤਰ ਸਾਲ ਪਹਿਲਾਂ ਲਿਖੇ ਗਏ ਬਚਨ ਇਤਨੇ ਠੀਕ ਸਿਧ ਹੋਏ ਹਨ ਇਕ ਭਾਰਤੀ ਇਸਤਰੀ ਮਿਸਿਜ਼ ਪੰਡਤ, ਇਕ ਸੰਯੁਕਤ ਰਾਸ਼ਟਰ ਸੰਸਥਾ ਦੀ ਜੈਨਰਲ ਅਸੈਂਬਲੀ ਦੀ ਪ੍ਰਧਾਨਗੀ ਵੀ ਨਿਭਾ ਸਕੀ ਹੈ।

ਗਰੇਜੂਏਸ਼ਨ ਦੀ ਇਸ ਰਸਮ ਵਿਚ ਮਿਸਿਜ਼ ਪੰਡਤ ਨੂੰ ਦੇਸ਼ ਭਗਤ, ਸੁਧਾਰਕ ਨੀਤੀਵਾਨ, ਨਿਪੁੰਨ, ਵਿਸ਼ਵ ਯਾਤਰੀ ਘਰ ਦੇ ਹਰ ਕੰਮ ਤੋਂ ਜਾਣੂ ਆਦਿ, ਕਈ ਸਿਫਤੀ ਵਿਸ਼ੇਸ਼ਣਾਂ ਨਾਲ ਸਲਾਹਿਆ ਗਿਆ। ਕਈ ਕੌਮਾਂਤਰੀ ਪ੍ਰਸਿਧੀ ਵਾਲੀਆਂ ਹੋਰ ਸ਼ਖਸੀਅਤਾਂ ਨੂੰ ਵੀ ਉਸ ਰਸਮ ਵਿਚ ਆਨਰੇਰੀ ਡਿਗਰੀਆਂ ਦਿਤੀਆਂ ਗਈਆਂ।

———

ਕਾਮਨਵੈਲਥ ਟੈਕਨੀਕਲ ਟਰੇਨਿੰਗ ਹਫਤਾ

ਚੰਡੀਗੜ੍ਹ, ੧੯ ਜੁਲਾਈ—ਪੰਜਾਬ ਵਿਚ ਏਸ ਸਾਲ ਕਾਮਨਵੈਲਥ ਟੈਕਨੀਕਲ ਟਰੇਨਿੰਗ ਹਫਤਾ ੧੭ ਤੋਂ ੨੩ ਸਤੰਬਰ ਤਕ ਮਨਾਇਆ ਜਾਵੇਗਾ,

ਇਸ ਹਫਤੇ ਦੇ ਮਨਾਉਣ ਦਾ ਮੰਤਵ ਆਮ ਲੋਕਾਂ ਨੂੰ ਜੁਆਨਾਂ ਲਈ ਟਰੇਨਿੰਗ ਤੇ ਟੈਕਨੀਕਲ ਖੇਤਰ ਵਿਚ ਵਿਦਿਆ ਦੇ ਮੌਕਿਆਂ ਤੋਂ ਜਾਣੂ ਕਰਾਉਣਾ ਹੈ। ਇਸ ਹਫਤੇ ਵਿਚ ਨੌਕਰੀ ਲਈ ਲੋੜੀਂਦੀ ਹਰ ਕਿਸਮ ਦੀ ਟੈਕਨੀਕਲ ਟਰੇਨਿੰਗ ਆ ਜਾਵੇਗੀ।

ਏਥੇ ਇਹ ਦਸਿਆ ਜਾ ਸਕਦਾ ਹੈ ਕਿ ਡਿਊਕ ਆਫ ਐਡਿਨਬਰਾ ਨੇ ਆਪਣੇ ਆਸਟਰੇਲੀਆ ਦੇ ਪਿਛਲੇ [illegible] ਦੀ [illegible] ਬੜੇ ਪ੍ਰਭਾਵਤ ਹੋਏ, ਉਹਨਾਂ ਦੇ ਸੁਝਾਓ ਦੇਣ ਤੇ ਲੰਡਨ ਵਿਚ ਕਾਮਨਵੈਲਥ ਦੇ ਹਾਈ ਕਮਿਸ਼ਨਰਾਂ ਦੀ ਇਕ ਸਾਰੀ ਬੈਠਕ ਵਿਚ ਇਸ ਪ੍ਰਸ਼ਨ ਤੇ ਵਿਚਾਰ ਕੀਤਾ ਗਿਆ ਕਿ ਸਾਰੇ ਕਾਮਨਵੈਲਥ ਦੇਸਾਂ ਵਿਚ ਇਹੋ ਜਿਹਾ ਇਕ ਹਫਤਾ ਮਨਾਇਆ ਜਾਇਆ ਕਰੇ। ਏਸੇ [illegible] ਵਿਚਾਰ ਪਰਵਾਨ ਕਰ ਲਿਆ ਗਿਆ।

ਟਰੈਕਟਰ ਖਰੀਦਣ ਲਈ ਕਰਜ਼ੇ

ਚੰਡੀਗੜ੍ਹ, ੧੪ ਜੁਲਾਈ—ਚਾਲੂ ਮਾਲੀ ਸਾਲ ਦੇ [illegible] ਨੂੰ ਟਰੈਕਟਰ ਖਰੀਦਣ ਲਈ ਕਰਜ਼ੇ ਦੇਣ ਵਾਸਤੇ ੧੪ ਲਖ ਰੁਪਏ ਦੀ ਰਕਮ ਡਿਪਟੀ ਕਮਿਸ਼ਨਰਾਂ ਨੂੰ ਸੌਂਪ ਦਿਤੀ ਗਈ ਹੈ। ਵਡੇ ਟਰੈਕਟਰਾਂ ਲਈ ਵਧ ਤੋਂ ਵਧ ਕਰਜ਼ੇ ਦੀ ਰਕਮ ੨੦,੦੦੦ ਰੁਪਏ ਹੋਵੇਗੀ ਅਤੇ ਛੋਟੇ ਟਰੈਕਟਰਾਂ ਲਈ ੧੦,੦੦੦ ਰੁਪਏ ਦਿਤੇ ਜਾਣਗੇ।

ਟਰੈਕਟਰ ਖਰੀਦਣ ਲਈ ਕਰਜ਼ਾ ਲੈਣ ਵਾਲੇ ਇਕ ਵਿਅਕਤੀ ਜਾਂ ਇਕ ਤੋਂ ਵਧ ਵਿਅਕਤੀਆਂ ਕੋਲ ਕੁਲ ਰਕਬਾ ਦੋ ਮੀਲਾਂ ਦੇ ਘੇਰੇ ਵਿਚ ਤੀਹ ਏਕੜ ਤੋਂ ਘਟ ਨਹੀਂ ਹੋਣਾ ਚਾਹਦਾ।

ਜੇਕਰ ਟਰੈਕਟਰ ਭੋਂ ਸੁਧਾਰ ਲਈ ਕਰਜ਼ੇ ਵਜੋਂ ਖਰੀਦਿਆ ਗਿਆ ਹੋਵੇ ਤਾਂ ਨਵੇਂ ਤੋੜ ਵਾਲੀ ਜ਼ਮੀਨ ਬੰਜਰ ਹੋਣੀ ਚਾਹੀਦੀ ਹੈ।

ਕਰਜ਼ੇ ਉਪਰ ਸਰਕਾਰ ਵਲੋਂ ਸਮੇਂ ਸਮੇਂ ਮਿਥਿਆ ਜਾਣ ਵਾਲਾ ਸੂਦ ਲਗੇਗਾ। ਕਰਜ਼ਾ ਲੈਣ ਦੀ ਤਾਰੀਖ ਤੋਂ ਇਕ ਸਾਲ ਬਾਅਦ ਇਹ ਕਰਜ਼ਾ ਬਤੌਰ ਤਕਾਵੀ ਦੇ ਛੇ ਛੇ ਮਹੀਨੇ ਦੀਆਂ ਅਠ ਬਰਾਬਰ ਕਿਸ਼ਤਾਂ ਵਿਚ ਵਸੂਲਿਆ ਜਾਵੇਗਾ।

ਜਿਹੜੇ ਵਿਅਕਤੀਆਂ ਨੂੰ ਟਰੈਕਟਰਾਂ ਲਈ ਕਰਜ਼ੇ ਦੇਣ ਵਾਸਤੇ ਚੁਣਿਆ ਜਾਵੇਗਾ, ਉਹਨਾਂ ਨੂੰ ਬਲਦ ਖਰੀਦਣ ਲਈ ਕਰਜ਼ਾ ਨਹੀਂ ਦਿਤਾ ਜਾਵੇਗਾ।

ਇਸ ਕਰਜ਼ੇ ਨਾਲ ਖਰੀਦੇ ਗਏ ਟਰੈਕਟਰਾਂ ਨੂੰ ਭੋਂ ਸੁਧਾਰ ਜਾਂ ਹੋਰ ਜ਼ਰਾਇਤੀ ਕੰਮਾਂ ਲਈ ਵਰਤਣਾ ਹੋਵੇਗਾ।

———

ਪਾਠਕ ਜੀ!

ਆਪਣੇ ਆਪਣੇ ਚੰਦੇ [illegible]

ਛੇਤੀ ਭੇਜੋ [illegible]

ਭਾਰਤ ਨੇ ਕਿਸੇ ਤੋਂ ਸੈਨਕ ਸਹਾਇਤਾ ਦੀ ਮੰਗ ਨਹੀਂ ਕੀਤੀ

ਭਾਰਤਨੇ ਕੇਵਲ ਆਰਥਕ ਸਹਾਇਤਾ ਦੀ ਮੰਗਕੀਤੀਹੈ

ਅਮਰੀਕੀ ਵਿਦੇਸ਼ ਵਿਭਾਗ ਦੇ ਤਰਜਮਾਨ ਦਾ ਬਿਆਨ

ਵਾਸ਼ਿੰਗਟਨ, ੧੪ ਜੁਲਾਈ—ਅਮਰੀਕੀ ਵਿਦੇਸ਼ ਵਿਭਾਗ ਨੇ ਇਥੇ ਕਿਹਾ ਕਿ ਅਮਰੀਕਾ ਤੋਂ ਜੋ ਸੈਨਕ ਸਾਮਾਨ ਭਾਰਤ ਨੇ ਖਰੀਦਿਆ ਹੈ ਉਹ ਦੂਜੇ ਦੇਸ਼ਾਂ ਨੂੰ ਦਿਤੀ ਜਾਣ ਵਾਲੀ ਅਮਰੀਕੀ ਸਹਾਇਤਾ ਤੋਂ ਵਖ ਹੈ।

ਵਿਭਾਗ ਦੇ ਤਰਜਮਾਨ ਸ੍ਰੀ ਲਿੰਕਨ ਨੇ ਕਿਹਾ ਕਿ ਭਾਰਤ ਨੇ ਕਿਸੇ ਵੀ ਦੇਸ਼ ਤੋਂ ਸਹਾਇਤਾ ਨਹੀਂ ਮੰਗੀ ਹੈ ਤੇ ਨਾ ਹੀ ਉਸ ਨੂੰ ਮਿਲੀ ਹੈ।

ਵਿਦੇਸ਼ ਵਿਭਾਗ ਦੇ ਤਰਜਮਾਨ ਨੇ ਕਿਹਾ ਹੈ ਕਿ ਭਾਰਤ ਕਈ ਸਾਲਾਂ ਤੋਂ ਸੀਮਤ ਮਾਤਰਾ ਵਿਚ ਵਰਤਮਾਨ ਕੀਮਤ ਤੇ ਸੈਨਕ ਸਾਮਾਨ ਖਰੀਦ ਰਿਹਾ ਹੈ। ਇਸ ਖਰੀਦ ਨੂੰ ਅਸਾਨੀ ਨਾਲ ਸਹਾਇਤਾ ਤੋਂ ਵਖ ਕਿਹਾ ਜਾ ਸਕਦਾ ਹੈ ਕਿਉਂਕਿ ਸਹਾਇਤਾ ਦਾਨ ਦੇ ਆਧਾਰ ਤੇ ਸਾਮਾਨ ਦੇ ਰੂਪ ਵਿਚ ਹੁੰਦੀ ਹੈ।

ਦਿੱਲੀ ਤੋਂ ਕਾਂਗਰਸੀ ਅਖਬਾਰ ਵਾਸਤੇ ਕਮੇਟੀ

ਨਵੀਂ ਦਿੱਲੀ, ੧੪ ਜੁਲਾਈ—ਕਾਂਗਰਸ ਦੇ ਪ੍ਰਧਾਨ ਸ੍ਰੀ ਰੈਡੀ ਨੂੰ ਇਕ ਕਮੇਟੀ ਕਾਇਮ ਕਰ ਦਿਤੀ ਹੈ, ਜੋ ਕਾਂਗਰਸੀ ਅਖਬਾਰ ਸਬੰਧੀ ਸੋਚ ਵਿਚਾਰ ਕਰੇਗੀ। ਕਮੇਟੀ ਵਿਚ ਹੇਠ ਲਿਖੇ ਮਹਾਨ ਭਾਵਾਂ ਦੇ ਨਾਮ ਆਏ ਹਨ।

ਸ੍ਰੀ ਢੇਬਰ ਸ੍ਰੀ ਐਸ. ਕੇ. ਪਾਟਿਲ ਸ੍ਰੀ ਵਿਜੈਅਨੰਦ ਪਟਨਾਇਕ ਸ੍ਰੀ ਉਮਾ ਸੰਕਰ ਤੇ ਸ੍ਰੀ ਅਜੀਤ ਪ੍ਰਸ਼ਾਦ ਜੈਨ।

ਦਸਿਆ ਗਿਆ ਹੈ ਕਿ ਇਹ ਅਖਬਾਰ ਏਸ ਲਈ ਕਢਣ ਦਾ ਖਿਆਲ ਪੈਦਾ ਹੋਇਆ ਹੈ ਕਿ ਮੌਜੂਦਾ ਅਖਬਾਰਾਂ ਕਾਂਗਰਸ ਪਾਲਸੀ ਦੀ ਠੀਕ ਤਰਜਮਾਨੀ ਨਹੀਂ ਕਰ ਰਹੀਆਂ।

ਇਹ ਵੀ ਕਿਹਾ ਗਿਆ ਹੈ ਕਿ ਜ਼ਰੂਰੀ ਨਹੀਂ ਕਿ ਅਖਬਾਰ ਦੀ ਕਾਂਗਰਸੀ ਕਮੇਟੀ ਹੀ ਅਗਵਾਈ ਕਰੇ। ਇਕ ਲਿਮਿਟਿਡ ਕੰਪਨੀ ਵੀ ਬਣ ਸਕਦੀ ਹੈ।

ਬ੍ਰਹਮ ਕੁਮਾਰੀਆਂ ਵੱਲੋਂ ਲਿਖੇ ਇਸ਼ਕੀਆ ਖਤ ਫੜੇ ਗਏ

ਸਹਾਰਨ ਪੁਰ, ੧੪ ਜੁਲਾਈ—ਖ਼ਬਰ ਹੈ ਕਿ ਸੀ. ਆਈ. ਡੀ. ਨੇ ਬ੍ਰਹਮ ਕੁਮਾਰੀਆਂ ਬਾਬਤ ਤਹਿਕੀਕਾਤ ਵਿਚ ਇਕਬ੍ਰਹਮਕੁਮਾਰੀਵੱਲੋਂਲਿਖੇਇਸ਼ਕੀਆ ਖਤ ਫੜੇ ਗਏ ਹਨ ਤੇ ਹੋਰ ਵੀ ਭੇਦ ਖੁਲਣ ਦੀ ਸੰਭਾਵਨਾ ਹੈ।

ਏਥੇ ਬ੍ਰਹਮ ਕੁਮਾਰੀਆਂ ਤੇ ਕੁਮਾਰਾਂ ਦੀ ਗਿਣਤੀ ੭੫ ਹੋ ਗਈ ਹੈ। ਪੁਲੀਸ ਦੇ ਹੱਥ ਇਕ ਕਿਤਾਬ ਆਈ ਹੈ, ਜਿਸ ਵਿਚ ਪੰਜ ਹਜ਼ਾਰ ਵਰ੍ਹਿਆਂ ਪਿੱਛੋਂ ਦਾਦਾ ਲੇਖ ਰਾਜ ਨੂੰ ਭਗਵਾਨ ਦਾ ਅਵਤਾਰ ਦਸਿਆ ਗਿਆ ਹੈ।

ਲੋਕਾਂ ਨੂੰ ਸ਼ਕਾਇਤ ਹੈ ਕਿ ਇਹ ਸੰਸਥਾ ਇਸਤਰੀਆਂ ਨੂੰ ਆਪਣੇ ਖਾਵੰਦਾਂ ਤੋਂ ਨਫਰਤ ਕਰਨਾ ਸਿਖਾ ਰਹੀ ਹੈ। ਪਤਾ ਲਗਾ ਹੈ ਕਿ ਸੀ. ਆਈ. ਡੀ. ਦੇ ਬਿਆਨ ਕਲਮ ਬੰਦ ਕਰ ਰਹੀ ਹੈ।

ਪੰਜਾਬੀ ਸੂਬਾ ਘਾਤਕ ਹੈ

ਜੇ ਲੋੜ ਪਈ ਤਾਂ ਪੰਜਾਬ ਹਿਮਾਚਲ ਨੂੰ ਮੇਲਾਂਗੇ

ਫੀਰੋਜ਼ਪੁਰ, ੧੪ ਜੁਲਾਈ—ਕਲ ਏਥੇ ਸਰਦਾਰ ਦਰਬਾਰਾ ਸਿੰਘ ਜੀ ਪ੍ਰਧਾਨ ਪੰਜਾਬ ਕਾਂਗਰਸ ਨੇ ਯੂਥ ਕਾਂਗਰਸ ਦੇ ਇਕ ਜਲਸੇ ਵਿਚ ਕਿਹਾ ਕਿ ਅਕਸਰੀਅਤ ਪੰਜਾਬੀ ਸੂਬੇ ਦੇ ਹਕ ਵਿਚ ਨਹੀਂ ਸਗੋਂ ਜੇ ਲੋੜ ਪਈ ਤਾਂ ਅਸੀਂ ਹਿਮਾਚਲ ਅਤੇ ਪੰਜਾਬ ਨੂੰ ਇਕ ਕਰਾਂਗੇ।

ਅਗੇ ਚਲ ਕੇ ਆਪ ਨੇ ਕਿਹਾ ਹਿੰਦੁਸਤਾਨ ਜਿਹੀ ਸਟੇਟ ਵਿਚ ਕਿਸੇ ਵੀ ਧਰਮ ਨੂੰ ਖਤਰਾ ਨਹੀਂ। ਭਾਸ਼ਾ ਜਾਂ ਹੋਰ ਕਿਸੇ ਇਸ਼ੂ ਤੇ ਪੰਜਾਬ ਦੀ ਵੰਡ ਨਹੀਂ ਹੋ [illegible]

ਅਸੀਂ ਭਾਰਤ ਨਾਲ ਮਿਤਰਤਾ ਚਾਹੁੰਦੇ ਹਾਂ ਪਰ

ਕਸ਼ਮੀਰ ਨੂੰ ਨਹੀਂ ਛਡ ਸਕਦੇ

ਵਾਸ਼ਿੰਗਟਨ, ੧੪ ਜੁਲਾਈ—ਪਾਕਿਸਤਾਨ ਦੇ ਰਾਸ਼ਟਰਪਤੀ ਅਯੂਬ ਨੇ ਇਥੇ ਕਿਹਾ ਕਿ ਪਾਕਿਸਤਾਨ ਆਪਣੇ ਵਡੇ ਨਿਰਪਖ ਗੁਆਂਢੀਭਾਰਤ ਨਾਲਸ਼ਾਂਤੀਪੂਰਨਮਿਲਵਰਤਣਚਾਹੁੰਦਾ, ਪਰ ਕਸ਼ਮੀਰ ਦੀਸਮਸਿਆਟੁਕਾਵਟਹੈ। ਪਾਕਿਕਸ਼ਮੀਰ ਦੇ ਇਤਨੇ ਵਡੇ ਇਲਾਕੇ ਤੇ ਭਾਰਤੀ ਕਬਜ਼ੇ ਦਾ ਵਿਰੋਧ ਕੀਤੇ ਬਿਨਾ ਨਹੀਂ ਰਹਿ ਸਕਦਾ ਕਿਉਂਕਿ ਕਸ਼ਮੀਰ [illegible] ਸਬੰਧੀ ਸਾਡੀ ਪ੍ਰਾਦੇਸ਼ਕ ਅਤੇ ਆਰਥਕ ਰਖਿਆ ਨਾਲ ਹੈ। ਭਾਰਤ ਦੀ [illegible] ਸੈਨਾ [illegible] ਕਸ਼ਮੀਰੀ ਨੂੰ ਛਡ ਕੇ, ਜੋ ਪਾਕਿਸਤਾਨੀ ਸੈਨਾਂ ਤੋਂ [illegible] ਕਸ਼ਮੀਰ ਵਿਚ [illegible]

ਭਾਰਤੀ ਕਸ਼ਮੀਰ ਵਿਚ ਗੁਰੀਲਾ ਜੰਗ ਦਾ ਖਤਰਾ

ਨਵੀਂ ਦਿੱਲੀ, ੧੪ ਜੁਲਾਈ—ਭਰੋਸੇ ਯੋਗ ਵਸੀਲੇ ਤੋਂ ਪਤਾ ਲਗਾ ਹੈ ਕਿ ਤੋੜ ਫੋੜ ਦੇ ਹਥਿਆਰਾਂ ਨਾਲ ਲੈਸ ਬਕਾਇਦਾ ਸਿਖੇ ਹੋਏ ਪਾਕਿਸਤਾਨੀ ਕਸ਼ਮੀਰ ਵਿਚ ਦਾਖਲ ਹੋ ਰਹੇ ਹਨ।

ਪਤਾ ਲਗਾ ਹੈ ਕਿ ਇਹਨਾਂ ਨੂੰ ਆਜ਼ਾਦ ਕਸ਼ਮੀਰ ਤੋਂ ਜਾਣ ਬੁਝ ਕੇ ਦਾਖਲ ਕੀਤਾ ਗਿਆ ਹੈ। ਤਾਂ ਕਿ ਉਹ ਜੰਮੂ ਕਸ਼ਮੀਰ ਚ ਗੁਰੀਲਾ ਜੰਗ ਲੜ ਸਕਣ। ਇਹ ਤਕ ਲੋਕ ਲਿਟਰੇਚਰ ਤੋਂ ਲੈ ਕੇ ਬੰਬਾਂ ਤਕ ਇਸ ਇਲਾਕੇ ਵਿਚ ਸਮਗਲ ਕਰ ਰਹੇ ਹਨ ਕੀਤਾ ਜਾ ਸਕੇ ਕਿ ਕਸ਼ਮੀਰ ਵਿਚ ਅੰਦਰੋਂ ਅੰਦਰੀ ਬਗਾਵਤ ਦੀ ਅੱਗ [illegible] ਪਾਕਿਸਤਾਨ [illegible]

[illegible] ਬੁਝਿਆ ਖਾ ਕੇ ਮਰ ਗਈਆਂ

ਕੋਟਾ—ਪਤਾ ਲਗਾ ਹੈ ਕਿ ਦੋ ਲੜਕੀਆਂ ਨੇ ਗਲਤੀ ਨਾਲ ਜ਼ਹਿਰ ਖਾ ਲਿਆ, ਜਿਸ ਨਾਲ ਉਹਨਾਂ ਦੀ ਮੌਤ ਹੋ ਗਈ, ਇਹ ਦੋਵੇਂ ਲੜਕੀਆਂ ਕਿਸੇ ਵੈਦ ਦੀਆਂ ਸਨ। ਦਸਿਆ ਜਾਂਦਾ ਹੈ ਕਿ ਵੈਦ ਜੀ ਨੇ ਆਪਣੇ ਮਕਾਨ ਵਿਚ ਸ਼ੀਸ਼ੀ ਸੰਖੀਏ ਦੀ ਰਖੀ ਹੋਈ ਸੀ, ਜਿਸ ਨੂੰ ਚੁਕ ਕੇ ਲੜਕੀਆਂ ਨੇ ਖਾ ਲਿਆ। ਇਹਨਾਂ ਲੜਕੀਆਂ ਵਿਚੋਂ ਇਕ ਦੀ ਉਮਰ ੬ ਸਾਲ ਤੇ ਦੂਜੀ ਦੀ ਉਮਰ ਤਿੰਨ ਸਾਲ ਸੀ।

ਹੁਕਮ ਨਹੀਂ, ਤਜਵੀਜ਼ ਹੈ !

ਦਿੱਲੀ, ੧੪ ਜੁਲਾਈ—ਕਾਂਗਰਸ ਦੇ ਪ੍ਰਧਾਨ ਸ੍ਰੀ ਸੰਜੀਵਾ ਰੈਡੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਆਪ ਨੇ ਦਸ ਸਾਲਾਂ ਪਿੱਛੋਂ, ਰੀਟਾਇਰ ਹੋਣ ਦਾ ਜੋ ਸੁਝਾਓ ਦਿਤਾ ਸੀ, ਉਹ ਕੋਈ ਹੁਕਮ ਜਾਂ ਫੈਸਲਾ ਨਹੀਂ, ਉਹ ਤਾਂ ਸਿਰਫ ਤਜਵੀਜ਼ ਸੀ।

ਪਖਤੂਨ ਦੇ ਪਿੰਡਾਂ ਤੇ ਪਾਕਸਤਾਨੀ ਬੰਬ

ਕਾਬਲ, ੧੪ ਜੁਲਾਈ—ਪਾਕਸਤਾਨ ਹਵਾਈ ਫੋਰਸ ਨੇ ਕਬਾਇਲੀ ਇਲਾਕੇ ਦੇ ਪਿੰਡਾਂ ਤੇ ਬੰਬਾਰੀ ਕੀਤੀ ਹੈ। [illegible] ਪਖਤੂਨ ਕੌਮ ਪ੍ਰਸਤਾਂ ਵਲੋਂ ਵੀ ਪਾਕਿਸਤਾਨ ਉਤੇ ਹਮਲੇ ਵਧ ਰਹੇ ਹਨ।

ਚਾਰ ਸੰਘ ਕੌਮ ਪ੍ਰਸਤਾਂ ਨੇ ਸ਼ੁਆਰ ਦੇ ਫੌਜੀ ਕੈਂਪ ਉੱਤੇ ਹਮਲਾ ਕਰ ਕੇ ਪਾਕਸਤਾਨੀਆਂ ਨੂੰ ਕਾਫੀ ਨੁਕਸਾਨ ਪੁਚਾਇਆ ਹੈ। ਪਈਆ ਤੇ ਸ਼ਕੰਦਰ ਦੇ ਪਾਕਸਤਾਨੀ ਪੁਲੀਸ ਠਾਣਿਆਂ ਉੱਤੇ ਵੀ ਹਮਲੇ ਕੀਤੇ ਹਨ।

ਗੁਨਾ ਵਿਚ ਗਊ ਦਾ ਕਤਲ

ਇੰਦੌਰ, ੧੪ ਜੁਲਾਈ—ਏਥੋਂ ਦੋ ਮੀਲ ਦੂਰ ਗੁਨਾ ਦੇ ਕਸਬੇ ਵਿਚ [illegible] ਦੀ ਮੁਕਾਮ ਤੇ ਪੁਲੀਸ ਵੀ [illegible] ਲਗਾ ਦਿਤੀ ਗਈ ਹੈ ਕਿਉਂਕਿ ਇਕ ਗੈਰ ਮੁਲਕੀ ਮਿਸ਼ਨ ਦੇ ਹਾਤੇ ਵਿਚ ਇਕ ਗਊ ਨੂੰ ਮਾਰ ਮਾਰ ਕੇ ਹਲਾਕ ਕਰ ਦਿਤਾ ਗਿਆ ਹੈ। ਇਸ ਸਿਲਸਲੇ ਚ ਇਕ ਗਰਿਫਤਾਰੀ ਵੀ ਕੀਤੀ ਗਈ ਹੈ।

ਗਊ ਦੇ ਕਤਲ ਦੇ ਸਿਲਸਲੇ ਵਿਚ ਸ਼ਹਿਰ ਦੀਆਂ ਸਭ ਦੁਕਾਨਾਂ ਬੰਦ ਹੋ ਗਈਆਂ। ਦੋ ਹਜ਼ਾਰ ਲੋਕਾਂ ਨੇ ਮੁਜ਼ਾਹਰਾ ਕੀਤਾ।

ਕਿਹਾ ਗਿਆ ਹੈ ਕਿ ਇਕ ਗਾਂ ਜਦੋਂ ਇਸ ਹਾਤੇ ਵਿਚ ਦਾਖਲ ਹੋ ਗਈ ਤਾਂ ਇਸ ਨੂੰ ਡਾਂਗਾਂ ਮਾਰ ਮਾਰ ਕੇ ਮਾਰ ਦਿਤਾ। ਲੋਕਾਂ ਨੂੰ ਜਦੋਂ ਪਤਾ ਲਗਾ ਤਾਂ ਉਹ ਇਸ ਹਾਤੇ ਵਲ ਨੂੰ ਭਜ ਆਏ। ਅੰਦਰੋਂ ਇਕ ਗੋਲੀ ਵੀ ਚਲਾਈ ਗਈ, ਜਿਸ ਨਾਲ ਇਕ ਆਦਮੀ ਜ਼ਖਮੀ ਹੋ ਗਿਆ, ਜਿਸ ਦੀ ਹਾਲਤ ਖਰਾਬ ਦਸੀ ਜਾਂਦੀ ਹੈ।

ਦੇ ਖਿਲਾਫ ਲੋਕ ਰਾਏ ਇਕਤਰਤਾ ਕੀਤੀ ਜਾ ਰਹੀ ਹੈ।

ਅਫਸੋਸ ਹੈ ਕਿ ਹਜ਼ਾਰਾਂ ਘਰਾਂ ਨੂੰ ਬਰਬਾਦ ਕਰਨ ਵਾਲੀ ਇਸ ਜਮਾਇਤ ਦਾ ਸਰਕਾਰ ਕੋਈ ਇੰਤਜ਼ਾਮ ਨਹੀਂ ਕਰ ਰਹੀ।

ਕਾਂਗਰਸ ਦੀਆਂ ਬੁਨਿਆਦੀ ਨੀਤੀਆਂ ਤੇ ਚੋਣ ਲੜੇ ਜਾਏ

ਨਵੀਂ ਦਿਲੀ, ੧੪ ਜੁਲਾਈ—ਪਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਨੇ ਦਿੱਲੀ ਕਾਂਗਰਸ ਦੇ ਵਰਕਰਾਂ ਨੂੰ ਸਲਾਹ ਦਿਤੀ ਹੈ ਕਿ ਉਹ ਪੂਰੇ ਆਤਮ ਵਿਸ਼ਵਾਸ ਦੇ ਨਾਲ ਸਿਧੇ ਅਤੇ ਸਚੇ ਤਰੀਕਿਆਂ ਨਾਲਅਗਲੀਆਂ ਚੋਣਾਂ ਲੜਨ ਅਤੇ ਕਿਸੇ ਦੂਜੀ ਪਾਰਟੀ ਨਾਲ ਨਾ ਮਿਲ ਕੇ ਕਾਂਗਰਸ ਦੀਆਂ ਬੁਨਿਆਦੀਨੀਤੀਆਂ ਨੂੰ ਹੀ ਵੋਟਰਾਂ ਸਾਹਮਣੇ ਰਖਣ।

ਭਾਰਤ ਨੂੰ ਸੈਨਕ ਸਹਾਇਤਾ—ਪਾਕ-ਅਮਰੀਕੀ ਮਿੱਤਰਤਾ ਲਈ ਘਾਤਕ ਹੈ

ਵਾਸ਼ਿੰਗਟਨ—ਪਾਕਿਸਤਾਨ ਦੇ [illegible] ਅਯੂਬ ਨੇ ਨੈਸ਼ਨਲ ਪ੍ਰੈਸ ਕਲੱਬ ਦੇ ਖਾਣੇ ਤੇ ਕਿਹਾ ਕਿ ਸ੍ਰੀ ਕੈਨੇਡੀ ਨੂੰ ਉਨ੍ਹਾਂ ਨੇ ਦਸ ਦਿਤਾ ਹੈ ਕਿ ਜੇ ਕਰ ਅਮਰੀਕਾ ਨੇ ਭਾਰਤ ਨੂੰ ਸੈਨਕ ਸਹਾਇਤਾ ਦੇਣ ਦਾ ਫੈਸਲਾ ਕੀਤਾ ਤਾਂ ਉਹ ਪਾਕ-ਅਮਰੀਕੀ ਸੰਬੰਧਾਂ ਲਈ ਘਾਤਕ ਹੋਵੇਗਾ।

ਬ੍ਰਹਮ ਕੁਮਾਰੀਆਂ ਦੇ ਪਰਚਾਰ ਨਾਲ ਹਜ਼ਾਰਾਂ ਘਰ ਬਰਬਾਦ ਹੋ ਰਹੇ ਹਨ

ਦਿੱਲੀ, ੧੪ ਜੁਲਾਈ—ਕੱਲ ਗੋਪਾਲ ਬਾਲ ਵਾਲੇ ਨੇ ਇਕ ਬਿਆਨ ਰਾਹੀਂ ਕਿਹਾ ਹੈ ਕਿ ਇਹ ਗਲਤ ਹੈ ਕਿ ਹਾਪੁੜ ਵਿਚ ਬ੍ਰਹਮ ਕੁਮਾਰੀਆਂ ਦੇ ਖ਼ਿਲਾਫ ਜੋ ਪ ਬੰਦ ਰੋਕੂ ਸੰਸਥਾ ਬਣੀ ਹੈ, ਉਸ ਨੇ ਆਪਣਾ ਧਰਨਾ ਸਿਸਟਮ ਵਾਪਸ ਲੈ ਲਿਆ ਹੈ। ਆਪ ਨੇ ਕਿਹਾ ਕਿ ਮੈਂ ਖੁਦ ਪਤਾ ਕੀਤਾ ਹੈ, ਇਹ ਅੰਦੋਲਨ ਬੜਾ ਭਿਆਨਕ ਰੂਪ ਧਾਰਨ ਕਰਨ ਵਾਲਾ ਹੈ। ਸਾਰੇ ਦੇਸ਼ ਵਿਚ ਦਾਦਾ ਲੇਖ ਰਾਜ ਦੇ ਪਾਖੰਡ ਮਰਕਜ਼ਾਂ

ਗੱਲ ਬਾਤ ਬਹੁਤ ਚੰਗੀ ਤੇ ਦਿਲਚਸਪ ਰਹੀ

ਵਾਸ਼ਿੰਗਟਨ, ੧੪ ਜੁਲਾਈ—ਪਾਕਿਸਤਾਨ ਦੇ ਰਾਸ਼ਟਰਪਤੀ ਸ੍ਰੀ ਅਯੂਬਤੇ ਰਾਸ਼ਟ੍ਰਪਤੀਸ੍ਰੀਕੈਨੇਡੀਵਿਚਾਲੇ ਅੰਤਰ ਰਾਸ਼ਟਰੀ ਸਮਸਿਆਵਾਂ ਤੇ ਗਲ ਬਾਤ ਦਾ ਤੀਜਾ ਅਤੇ ਆਖਰੀ ਦੌਰ ਖਤਮ ਹੋ ਗਿਆ ਹੈ।

ਖਿਆਲ ਕੀਤਾ ਜਾਂਦਾ ਹੈ ਕਿ ਦੋਹਾਂ ਲੀਡਰਾਂ ਵਿਚ ਕਸ਼ਮੀਰ ਦੇ ਸੁਆਲ ਤੇ ਪਾਕਿਸਤਾਨ ਅਤੇ ਭਾਰਤ ਦੇ ਸਬੰਧਾਂ ਦੇ ਬਾਰੇ ਵਿਚਾਰ ਵਟਾਂਦਰਾ ਹੋਇਆ।

ਇਹ ਵਿਚਾਰ ਵਟਾਂਦਰਾ ਕੁਝ ਦੇਰ ਲਈ ਇਕਾਂਤ ਵਿਚ ਹੋਇਆ। ਗਲ ਬਾਤ ਤੋਂ ਬਾਅਦ ਸ੍ਰੀ ਅਯੂਬ ਨੇ [illegible] ਕਿ ਗਲ ਬਾਤ ਬਹੁਤ ਚੰਗੀ ਅਤੇ ਦਿਲਚਸਪ ਰਹੀ।

ਰਵਿੰਦਰਾ ਪ੍ਰੈਸ ਵਿਚ ਛਪਕੇ ਦਫਤਰ ਰੋਜ਼ਾਨਾ 'ਨਵਾਂ ਹਿੰਦੁਸਤਾਨ' ੧੯ ਬਾਗ਼ਨਗਰ ਤੋਂ ਮੰਗਲ ਸਿੰਘ ਲਾਇਲਪੁਰੀ ਨੇ ਪਰਕਾਸ਼ਤ ਕੀਤਾ